ੴ ਸਤਿਗੁਰ ਪ੍ਰਸਾਦਿ ॥

# ਸੱਚਖੰਡ ਪੱਤਰ

ਫਰਵਰੀ-੨੦੦੯

February-2009



ਸਾਹਿਬ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ

ਭੇਟਾ 7-00

SACHKHAND PATRA सचखंड पत्र

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ

## ਪਵਿੱਤਰ ਮਰਯਾਦਾ (ਪੂਜਾ ਪਾਠ)

| | |
|---|---|
| ਤਖ਼ਤ ਇਸ਼ਨਾਨ ਲਈ ਗੋਦਾਵਰੀ ਨਦੀ ਤੋਂ ਜਲ ਦੀ ਗਾਗਰ ਗਾਗਰੀਆਂ ਸਿੰਘ ਜੀ ਲੈਕੇ ਹਾਜ਼ਰ ਹੁੰਦੇ ਹਨ | ੨-੦੦ ਅੰਮ੍ਰਿਤ ਵੇਲੇ |
| ਆਰੰਭ ਪਾਠ ਸੁਖਮਨੀ ਸਾਹਿਬ ਜੀ | ੨-੧੫ ਅੰਮ੍ਰਿਤ ਵੇਲੇ |
| ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ | ੩-੧੫ ਸਵੇਰੇ |
| ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੩-੪੦ ਸਵੇਰੇ |
| ਕੀਰਤਨ ਆਰੰਭ ਸ੍ਰੀ ਆਸਾ ਜੀ ਦੀ ਵਾਰ | ੩-੪੫ ਸਵੇਰੇ |
| ਕੀਰਤਨ ਸਮਾਪਤ ਸ੍ਰੀ ਆਸਾ ਜੀ ਦੀ ਵਾਰ | ੬-੧੫ ਸਵੇਰੇ |
| ਭੋਗ ਦੇਗ (ਕੜ੍ਹਾਹ) ਪ੍ਰਸ਼ਾਦਿ, ਦੂਸਰਾ ਪ੍ਰਕਾਸ਼ ਸ੍ਰੀ ਦਰਬਾਰ ਸਾਹਿਬ ਜੀ ਉਪਰੰਤ ਅਨੰਦ ਸਾਹਿਬ ਜੀ ਦੀ ਚੌਕੀ ਆਰੰਭ ਗੁਰਵਾਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਨਾਲ ਅਨੰਦ ਸਾਹਿਬ ਜੀ ਕੀ ਚੌਕੀ ਦੀ ਸਮਾਪਤੀ | ੬-੩੦ ਤੋਂ ੮-੦੦ |
| ਕਥਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ੮-੦੦ ਸਵੇਰੇ |
| ਆਰੰਭ ਤੇ ਸਮਾਪਤੀ ਅਖੰਡ ਪਾਠ, ਸਪਤਾਹ ਪਾਠ ਅਤੇ ਸਾਧਾਰਨ ਪਾਠ | ੧੦-੧੫ ਸਵੇਰੇ |
| ਅੰਮ੍ਰਿਤ ਸੰਚਾਰ | ੧੦-੩੦ ਸਵੇਰੇ |
| ਸਮਾਪਤੀ ਕੀਰਤਨ ਚਰਨ ਕੰਵਲ | ੧੧-੩੦ ਸਵੇਰੇ |
| ਕਥਾ ਸ੍ਰੀ ਦਸਮ ਗ੍ਰੰਥ ਸਾਹਿਬ ਜੀ | ੧੧-੪੫ ਸਵੇਰੇ |
| ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਜੀ ਦੀ ਸਫਾਈ | ੧੨ ਤੋਂ ੧ ਦੁਪਹਿਰ |
| ਭੋਗ ਦੇਗ ਪ੍ਰਸ਼ਾਦਿ | ੩-੦੦ ਦੁਪਹਿਰ |
| ਕਥਾ ਸੂਰਜ ਪ੍ਰਕਾਸ਼ | ੪ ਤੋਂ ੫ ਦੁਪਹਿਰ |
| ਕੀਰਤਨ ਸੋਦਰ ਚੌਕੀ | ੫-੦੦ ਸ਼ਾਮ |
| ਪਾਠ ਰਹਿਰਾਸ ਸਾਹਿਬ ਜੀ | ੬-੩੦ ਸ਼ਾਮ |
| ਆਰਤੀ ਚੌਕੀ ਸਵੈਯੇ | ੭-੩੦ ਰਾਤ |
| ਕੀਰਤਨ ਸੋਹਿਲਾ | ੮-੪੫ ਰਾਤ |

## ਇਤਿਹਾਸਕ ਸ਼ਸ਼ਤ੍ਰਾਂ ਦੇ ਦਰਸ਼ਨ

ਪਵਿੱਤਰ ਇਤਿਹਾਸਕ ਸ਼ਸ਼ਤ੍ਰਾਂ ਦੇ ਦਰਸ਼ਨ ਰਾਤ ਨੂੰ ਆਰਤੀ ਤੋਂ ਉਪਰੰਤ ਕਰਾਏ ਜਾਂਦੇ ਹਨ ।

**ਗੁਰੂ ਕਾ ਲੰਗਰ ੨੪ ਘੰਟੇ ਅਤੁੱਟ ਵਰਤਦਾ ਹੈ ।**

# ਸੱਚਖੰਡ ਸਮਾਚਾਰ







ਪਿਛਲੇ ਕਈ ਸਾਲਾਂ ਤੋਂ ਮੰਗ ਸੀ ਕਿ ਨਾਂਦੇੜ ਰੇਲਵੇ ਸਟੇਸ਼ਨ ਦਾ ਨਾਂ ਹਜ਼ੂਰ ਸਾਹਿਬ ਰਖਿਆ ਜਾਵੇ ਇਸ ਮੰਗ ਨੂੰ ਮੁੱਖ ਰਖਦੇ ਹੋਏ ਭਾਰਤ ਸਰਕਾਰ ਨੇ ੩੦੦ ਸਾਲਾ ਗੁਰਤਾਗੱਦੀ ਗੁਰਪੁਰਬ ਨੂੰ ਸਮਰਪਿਤ ਨਾਂਦੇੜ ਰੇਲਵੇ ਸਟੇਸ਼ਨ ਦਾ ਨਾਂ ਬਦਲ ਕਰ ਹਜ਼ੂਰ ਸਾਹਿਬ, ਨਾਂਦੇੜ ਕਰ ਦਿੱਤਾ । ਉਸ ਵੇਲੇ ਰੇਲਵੇ ਸਟੇਸ਼ਨ ਤੇ ਖੁਸੀਆਂ ਮਨਾਉਂਦੇ ਹੋਏ ਸ੍ਰ. ਇੰਦਰਜੀਤ ਸਿੰਘ ਜੀ ਗੱਲੀਵਾਲੇ ਮੈਂਬਰ ਪ੍ਰਸ਼ਾਸ਼ਕੀ ਸਮਿਤੀ, ਸ੍ਰ. ਮੋਹਨ ਸਿੰਘ ਜੀ ਗਾੜੀਵਾਲੇ ਮੈਂਬਰ ਪ੍ਰਸ਼ਾਸ਼ਕੀ ਸਮਿਤੀ, ਸ੍ਰ. ਡੀ.ਪੀ. ਸਿੰਘ ਸੁਪਰਡੈਂਟ, ਸ੍ਰ. ਠਾਨ ਸਿੰਘ ਜੀ ਬੁੰਗਈ ਜੇ.ਏ.ਐਸ.੩ ਆਦਿ ਸੱਜਣ ਨਜ਼ਰ ਆ ਰਹੇ ਹਨ ।



ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਚਲ ਰਹੇ ਵਿਕਾਸ ਕਾਰਜਾਂ ਵਿਚ ਆਪਣੇ ਦਸਵੰਧ ਵਜੋਂ ਕਾਫੀ ਮਾਇਆ ਸ੍ਰੀ ਲਲਵਾਨੀ ਪਰਿਵਾਰ ਵਲੋਂ ਭੇਟਾ ਕੀਤੀ ਗਈ, ਆਪ ਜੀ ਦਾ ਤਖ਼ਤ ਸੱਚਖੰਡ ਸਾਹਿਬ ਵਿਖੇ ਜਥੇਦਾਰ ਸੰਤ ਬਾਬਾ ਕੁਲਵੰਤ ਸਿੰਘ ਜੀ ਵਲੋਂ ਸਿਰਪਾਓ, ਮੀਤ ਜਥੇਦਾਰ ਬਾਬਾ ਜੋਤਿੰਦਰ ਸਿੰਘ ਜੀ ਵਲੋਂ ਮੋਮੇਂਟੋ ਦੇਕਰ ਸਨਮਾਨ ਕੀਤਾ ਗਿਆ ।



ਨਾਂਦੇੜ ਜਿਲ੍ਹਾ ਕੁਲੈਕਟਰ ਸ੍ਰੀ ਰਾਧੇਸ਼ਿਆਮ ਜੀ ਮੋਪਲਵਾਰ ਨੇ ੩੦੦ ਸਾਲਾ ਗੁਰਤਾਗੱਦੀ ਗੁਰਪੁਰਬ ਸਮੇਂ ਬੇਅੰਤ ਸਹਿਯੋਗ ਦਿੱਤਾ । ਨਾਂਦੇੜ ਤੋਂ ਬਲਦੀ ਹੋਣ ਤੇ ਸੱਚਖੰਡ ਸਾਹਿਬ ਵਿਖੇ ਆਪ ਜੀ ਦਾ ਸਨਮਾਨ ਜਥੇਦਾਰ ਸਿੰਘ ਸਾਹਿਬ ਭਾਈ ਕੁਲਵੰਤ ਸਿੰਘ ਜੀ ਵਲੋਂ ਕੀਤਾ ਗਿਆ । ਉਸ ਸਮੇਂ ਸ੍ਰ. ਲੱਡੂ ਸਿੰਘ ਜੀ ਮਹਾਜਨ ਮੈਂਬਰ, ਸ੍ਰ. ਇੰਦਰਜੀਤ ਸਿੰਘ ਜੀ ਗੱਲੀਵਾਲੇ ਮੈਂਬਰ, ਸ੍ਰ. ਮੋਹਨ ਸਿੰਘ ਜੀ ਗਾੜੀਵਾਲੇ ਮੈਂਬਰ ਅਤੇ ਹੋਰ ਪੱਤਵੰਤੇ ਸੱਜਣ ਨਜ਼ਰ ਆ ਰਹੇ ਹਨ ।






ਗੁਰਤਾਗੱਦੀ ਨੈਸ਼ਨਲ ਕਮੇਟੀ ਮੈਂਬਰ ਸ੍ਰ. ਪ੍ਰਿਤਪਾਲ ਸਿੰਘ ਜੀ ਵਿਜ ਨਾਗਪੁਰ ਨਿਵਾਸੀ ਆਪਣੇ ਪਰਿਵਾਰ ਅਤੇ ਨਾਗਪੁਰ ਦੀ ਸੰਗਤਾਂ ਨੂੰ ਲੈ ਕੇ ਤਖ਼ਤ ਸੱਚਖੰਡ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ । ਉਨ੍ਹਾਂ ਦਾ ਸਵਾਗਤ ਤਖ਼ਤ ਸਾਹਿਬ ਵਿਖੇ ਕੀਤਾ ਗਿਆ ।



ਮਹਾਰਾਸ਼ਟਰ ਦੇ ਉਰਜਾ ਮੰਤਰੀ ਸ੍ਰੀ ਸੁਨੀਲ ਜੀ ਤਟਕਰੇ ਹਜ਼ੂਰ ਸਾਹਿਬ ਦਰਸ਼ਨਾਂ ਲਈ ਆਏ ਤਾਂ ਆਪ ਜੀ ਦਾ ਤਖ਼ਤ ਸਾਹਿਬ ਵਿਖੇ ਮੀਤ ਗ੍ਰੰਥੀ ਭਾਈ ਕਸ਼ਮੀਰ ਸਿੰਘ ਜੀ ਵਲੋਂ ਉਨ੍ਹਾਂ ਦਾ ਸ਼ਾਲ, ਹਾਰ ਅਤੇ ਮੋਮੈਂਟੋ ਦੇਕਰ ਸਨਮਾਨ ਕੀਤਾ ਗਿਆ ।




ਪਿਛਲੇ ਦਿਨੀਂ ਮਹਾਰਾਸ਼ਟਰ ਬਿਜਲੀ ਬੋਰਡ ਦੇ ਮੈਨੇਜਿੰਗ ਡਾਇਰੇਕਟਰ ਸ੍ਰੀ ਸੰਜਯ ਸੇਠੀ ਜੀ ਅਤੇ ਸ੍ਰੀ ਅਜਯ ਮਹਿਤਾ ਜੀ ਉਨ੍ਹਾਂ ਨਾਲ ਮਹਾਰਾਸ਼ਟਰ ਬਿਜਲੀ ਬੋਰਡ ਦੇ ਹੋਰ ਪੱਤਵੰਤੇ ਸ੍ਰੀ ਸੀ.ਬੀ. ਮੋਦੀ ਜੀ, ਸ੍ਰੀ ਬੀ.ਬੀ. ਪਾਟਿਲ ਜੀ, ਨਾਂਦੇੜ ਬਿਜਲੀ ਬੋਰਡ ਦੇ ਮੁੱਖ ਅਧਿਕਾਰੀ ਸ੍ਰੀ ਪੀ.ਆਰ. ਭਾਰਤੀ ਜੀ, ਸ੍ਰੀ ਐਨ.ਵੀ. ਚੌਹਾਨ ਜੀ, ਸ੍ਰ. ਨਰੇਂਦਰ ਸਿੰਘ ਜੀ ਬੁੰਗਈ ਆਦਿ ਸੱਜਣ ਤਖ਼ਤ ਸੱਚਖੰਡ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ, ਆਪ ਜੀ ਦਾ ਤਖ਼ਤ ਸਾਹਿਬ ਵਿਖੇ ਸਨਮਾਨ ਕੀਤਾ ਗਿਆ । ਉਸ ਸਮੇਂ ਸ੍ਰ. ਇੰਦਰਜੀਤ ਸਿੰਘ ਜੀ ਗੱਲੀਵਾਲੇ ਮੈਂਬਰ ਪ੍ਰਸ਼ਾਸ਼ਕੀ ਸਮਿਤੀ ਵੀ ਹਾਜ਼ਰ ਸਨ ।

੧ੳ ਵਾਹਿਗੁਰੂ ਜੀ ਕੀ ਫਤਹਿ ।।

ਅਬਿਚਲ ਨਗਰੁ ਗੋਬਿੰਦ ਗੁਰੂ ਕਾ ਨਾਮੁ ਜਪਤ ਸੁਖੁ ਪਾਇਆ ਰਾਮ ।।

ਮਨ ਇਛੇ ਸੇਈ ਫਲ ਪਾਏ ਕਰਤੈ ਆਪਿ ਵਸਾਇਆ ਰਾਮ ।।

# ਸੱਚਖੰਡ ਪੱਤਰ


ਗੁਰਦੁਆਰਾ ਬੋਰਡ ਤਖਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ (ਮਹਾਰਾਸ਼ਟਰ) ਵਲੋਂ ਪ੍ਰਕਾਸ਼ਤ ਧਾਰਮਿਕ ਮਾਸਕ ਪੱਤਰ

ਸਾਲ ੩੫ ਫਰਵਰੀ ੨੦੦੯ ਅੰਕ ੪੧੨

ਸੰਪਾਦਕ

*ਗਿਆਨੀ ਅਵਤਾਰ ਸਿੰਘ 'ਸ਼ੀਤਲ'*

M.Com., L.L.B.


## ਗੁਰਪੁਰਬ ਤੇ ਦਿਨ ਤਿਉਹਾਰ ਫਰਵਰੀ-ਮਾਰਚ-੨੦੦੯

| | |
|---|---|
| * ਅਵਤਾਰ ਦਿਵਸ ਪਾ: ੭ | ੭ ਫਰਵਰੀ |
| * ਚੌਕੀ ਮੇਲਾ ਗੁਰ: ਸੰਗਤ ਸਾਹਿਬ | ੮ ਫਰਵਰੀ |
| * ਜਨਮ ਭਗਤ ਰਵਿਦਾਸ ਜੀ | ੯ ਫਰਵਰੀ |
| * ਸ਼ਹੀਦੀ ਬਾਬਾ ਦੀਪ ਸਿੰਘ ਜੀ | ੧੦ ਫਰਵਰੀ |
| * ਜਨਮ ਦਿ. ਸਾ. ਅਜੀਤ ਸਿੰਘ ਜੀ | ੧੧ ਫਰਵਰੀ |
| * ਚੌਕੀ ਦਮਦਮਾ ਸਾ. ਬਸਮਤਨਗਰ | ੧੨ ਫਰਵਰੀ |
| * ਚੌਕੀ ਗੁਰ: ਹੀਰਾਘਾਟ ਸਾਹਿਬ | ੧੪ ਫਰਵਰੀ |
| * ਚੌਕੀ ਗੁਰ: ਸ਼ਿਕਾਰਘਾਟ ਸਾਹਿਬ | ੧੫ ਫਰਵਰੀ |
| * ਸ਼ਹੀਦੀ ਸਾਕਾ ਨਨਕਾਣਾ ਸਾਹਿਬ | ੨੧ ਫਰਵਰੀ |
| * ਮਹਾਂ ਸ਼ਿਵਰਾਤ੍ਰੀ | ੨੩ ਫਰਵਰੀ |
| * ਚੌਕੀ ਗੁਰ: ਰਤਨਗੜ੍ਹ ਸਾਹਿਬ | ੨੩ ਫਰਵਰੀ |
| * ਚੌਕੀ ਗੁਰ: ਨਾਨਕਸਰ ਸਾਹਿਬ ਅਤੇ ਗੁਰ: ਬੰਦਾ ਘਾਟ ਸਾਹਿਬ | ੨੪ ਫਰਵਰੀ |
| * ਪੂਰਨਮਾਸੀ | ੯ ਫਰਵਰੀ |
| * ਸੰਗਰਾਂਦ | ੧੨ ਫਰਵਰੀ |
| * ਮੱਸਿਆ | ੨੪ ਫਰਵਰੀ |
| * ਹੋਲਾ ਮਹੱਲਾ | ੧੨ ਮਾਰਚ |
| * ਜਨਮ ਦਿ. ਭਾਈ ਮੋਹਕਮ ਸਿੰਘ ਜੀ | ੧੮ ਮਾਰਚ |
| * ਸ਼ਹੀਦੀ ਦਿ. ਸ਼ਹੀਦ ਭਗਤ ਸਿੰਘ | ੨੩ ਮਾਰਚ |
| * ਗੁਰਤਾ ਗੱਦੀ ਪਾ: ੭ | ੨੪ ਮਾਰਚ |
| * ਗੁਰਤਾ ਗੱਦੀ ਪਾ: ੩ | ੨੯ ਮਾਰਚ |
| * ਜੋਤੀ ਜੋਤ ਪਾ: ੨ | ੩੦ ਮਾਰਚ |
| * ਜੋਤੀ ਜੋਤ ਪਾ: ੬ | ੩੧ ਮਾਰਚ |
| * ਪੂਰਨਮਾਸੀ | ੧੧ ਮਾਰਚ |
| * ਸੰਗਰਾਂਦ | ੧੪ ਮਾਰਚ |
| * ਮੱਸਿਆ | ੨੯ ਮਾਰਚ |

## ਦਰਪਨ


* ਸੰਪਾਦਕੀ ੪
* ਜਾਗ੍ਰਤੀ ਯਾਤਰਾ
  -ਸ੍ਰ. ਡੀ.ਪੀ. ਸਿੰਘ ਜੀ ੫
* ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਵਿਸ਼ਵ ਭਾਈਚਾਰੇ ਦੇ ਰਹਿਬਰ
  -ਡਾ. ਕੁਲਦੀਪ ਸਿੰਘ ਜੀ ਧੀਰ ੯
* ਗੁਰ ਮੇਰੈ ਸੰਗਿ ਸਦਾ ਹੈ ਨਾਲੇ ।।
  -ਡਾ. ਸੋਨਦੀਪ ਕੌਰ ਜੀ ਮੋਂਗਾ ੧੬
* ਤੇਰਾਂ ਤੇਰਾਂ ਤੋਲ ਕੇ
  -ਸ੍ਰ. ਸੁਰਜੀਤ ਸਿੰਘ ਜੀ 'ਸਾਜਨ' ੨੩
* ਗੁਰੂ ਮਾਨਿਓ ਗ੍ਰੰਥ-੨
  - ਡਾ. ਰਤਨ ਸਿੰਘ ਜੱਗੀ ੨੫
* ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੱਟਾਂ ਦੀ ਬਾਣੀ
  -ਸਰਬਜੀਤ ਕੌਰ ਜੀ ਬੱਗਾ ੩੩
* ਚਿੱਠਾ ਆਮਦਨ-ਖਰਚ
  ਮਹੀਨਾ ਸਤੰਬਰ-ਅਕਤੂਬਰ-੨੦੦੮ ੩੫


### हिन्दी विभाग


* शुभ संदेश १
* भाई तारु सिंघ जी शहीद
  -स. जगजीत सिंघ जी २
* श्री गुरु ग्रंथ साहिब जी का सार
  -स. दिलीप सिंघ जी छाबडा ६


### ENGLISH SECTION


* Role of the Police in the Celebrations
  -Daljeet Kaur Ji Matharoo 2
* Shabad As Guru
  -Dr. Sangat Singh Ji Syalee 5
* The Sword of Guru Gobind Singh Ji
  -Prof. Puran Singh Ji 10



ਨੋਟ :- 'ਸੱਚਖੰਡ ਪੱਤਰ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਕੁਲ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਸੋ, ਲਾਜ਼ਮੀ ਨਹੀਂ ਕਿ ਇਹਨਾਂ ਨਾਲ ਗੁ: ਬੋਰਡ ਜਾਂ ਅਦਾਰਾ ਸੱਚਖੰਡ ਪੱਤਰ ਪੂਰੀ ਤਰ੍ਹਾਂ ਸਹਿਮਤ ਹੋਵੇ । -ਪ੍ਰਕਾਸ਼ਕ

# ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ, ਨਾਂਦੇੜ ਲਈ ਬੈਂਕ ਜਾਂ ATM ਰਾਹੀਂ ਸਿੱਧੇ ਮਾਇਆ ਭੇਜਣ ਬਾਰੇ ਸੂਚਨਾਂ

੧) ਦੇਸ਼ ਭਰ ਵਿਚੋਂ ਕਿਸੇ ਵੀ ਥਾਂ ਤੋਂ ਪੰਜਾਬ ਐਂਡ ਸਿੰਧ ਬੈਂਕ ਸ਼ਾਖਾ ਨਾਂਦੇੜ ਲਈ Current Account No. 01 ਜਾਂ Saving Account No. 85 ਵਿਚ ਸਿੱਧੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਲਈ ਮਾਇਆ ਜਮਾਂ ਕੀਤੀ ਜਾ ਸਕਦੀ ਹੈ। ਬੈਂਕ ਵਲੋਂ ਕਿਸੇ ਪ੍ਰਕਾਰ ਦਾ ਬੈਂਕ ਕਮਿਸ਼ਨ / ਚਾਰਜ ਨਹੀਂ ਲਿਆ ਜਾਂਦਾ।

੨) ਦੇਸ਼ ਭਰ ਦੇ ਪੰਜਾਬ ਨੈਸ਼ਨਲ ਬੈਂਕ ਦੀ ਕਿਸੇ ਵੀ ਸ਼ਾਖਾ ਵਿਚੋਂ Saving Account No. 0367000100002416 ਵਿਚ ਆਪਣੀ ਮਾਇਆ ਜਮਾਂ ਕਰਵਾ ਸਕਦੇ ਹੋ।

੩) ਦੇਸ਼ ਭਰ ਦੇ ਸਟੇਟ ਬੈਂਕ ਦੇ ਕਿਸੇ ਵੀ ATM ਰਾਹੀਂ ਗੁਰਦੁਆਰਾ Current Account No. 11265873563 ਵਿਚ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੪) ਵਿਦੇਸ਼ ਵਿਚ ਕਿਸੇ ਸਥਾਨਕ ਸਟੇਟ ਬੈਂਕ ਆਫ ਇੰਡੀਆ ਦੇ ਸ਼ਾਖਾ ਤੋਂ Saving Account No. 11265876360 ਵਿਚ ਸਿੱਧੇ ਮਾਇਆ ਜਮਾਂ ਕੀਤੀ ਜਾ ਸਕਦੀ ਹੈ।

੫) ਇਸ ਤੋਂ ਇਲਾਵਾ AXIS (UTI) Bank ਵਲੋਂ On Line Donation ਭੇਜਣ ਦੀ ਸੁਵਿਧਾ ਦਿੱਤੀ ਗਈ ਹੈ। ਜਿਸ ਲਈ www.hazursahib.com. ਸਾਈਟ ਤੇ ਜਾ ਕੇ On Line ਮਾਇਆ ਭੇਜ ਸਕਦੇ ਹੋ।

***<u>ਵਿਸ਼ੇਸ਼ ਨੋਟ :</u>***

- ਬੈਂਕ ਜਾਂ ATM ਰਾਹੀਂ ਮਾਇਆ ਜਮਾਂ ਕਰਵਾਉਣ ਤੋਂ ਬਾਅਦ ਬੈਂਕ/ਰਸੀਦ ਦੀ ਫੋਟੋ ਕਾਪੀ (ਜ਼ਿਰਾਕਸ) ਅਤੇ ਆਪਣਾ ਨਾਂ, ਪਤਾ, ਫੋਨ, ਮੋਬਾਇਲ ਨੰਬਰ ਆਦਿ ਜਾਣਕਾਰੀ ਸਹਿਤ ਪੱਤਰ ਤੁਰੰਤ ਭੇਜੋ ਜਾਂ ਫੈਕਸ ਨੰਬਰ 02462-234812 ਅਤੇ E-Mail:contact@hazursahib.com ਰਾਹੀਂ ਸੂਚਿਤ ਕਰੋ ਤਾਂ ਜੋ ਆਪ ਜੀ ਵਲੋਂ ਜਮਾਂ ਭੇਟਾ ਦੀ ਪੱਕੀ ਰਸੀਦ ਆਪ ਜੀ ਦੇ ਪਤੇ ਤੇ ਭੇਜੀ ਜਾ ਸਕੇ।
- ਬੈਂਕ ਡਰਾਫਟ, ਚੈਕ Superintendent, Gurdwara Sachkhand Board, Nanded(M.S) ਦੇ ਨਾਮ ਦਾ ਬਣਾ ਕੇ ਹੇਠ ਲਿਖੇ ਪਤੇ ਉਪਰ ਭੇਜ ਸਕਦੇ ਹੋ।
- ਚਿੱਠੀ ਪੱਤਰ ਲਈ ਪਤਾ ਅੰਗਰੇਜ਼ੀ ਵਿਚ ਅਤੇ ਕੈਪੀਟਲ ਅੱਖਰਾਂ ਵਿਚ ਹੀ ਲਿਖ ਕੇ ਭੇਜੋ ਜੀ।
- ਭੇਟਾ ਵਜੋਂ ਭੇਜੀ ਮਾਇਆ Income Tax U/S.80G ਤਹਿਤ ਟੈਕਸ ਮੁਕਤ ਹੈ।

***<u>ਵਧੇਰੇ ਜਾਣਕਾਰੀ ਲਈ ਸੰਪਰਕ ਪਤਾ :</u>***


Superintendent,
Gurdwara Takhat Sachkhand Sri Hazur
Abchal Nagar Sahib, Nanded-431601 (M.S.)-INDIA
ਫੋਨ ਨੰ: 02462-243559, 241266, 244166, 240083, 234813, ਫੈਕਸ : 02462-234812
ਗੁਰੂ ਰਾਮਦਾਸ ਜੀ ਜਾਤ੍ਰੀ ਨਿਵਾਸ 313517, 234901, ਐਨ.ਆਰ.ਈ. ਜਾਤ੍ਰੀ ਨਿਵਾਸ 234902, ਗੁਰਦੁਆਰਾ ਪਰਿਸਰ 234903
E-mail:- contact@hazursahib.com Visit us at:- http://www.hazursahib.com.

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ
ਨਾਂਦੇੜ ਅਤੇ ਭਾਰਤ ਸਰਕਾਰ ਵਲੋਂ

੩੦੦ ਸਾਲਾ ਗੁਰਤਾਗੱਦੀ-੨੦੦੮ ਨਿਮਿਤ

# ਯਾਦਗਾਰੀ ਸਿੱਕੇ ਜਾਰੀ

ਗੁਰੂ ਪਿਆਰੀ ਸਾਧ ਸੰਗਤ ਜੀ,

ਗੁਰੂ ਮਾਨਿਓ ਗ੍ਰੰਥ ੩੦੦ ਸਾਲਾ ਗੁਰਤਾਗੱਦੀ ਗੁਰਪੁਰਬ ਸੰਨ ੨੦੦੮ ਨਿਮਿਤ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਨਾਂਦੇੜ (ਮਹਾਰਾਸ਼ਟਰ) ਵਲੋਂ ਵਿਸ਼ੇਸ਼ ਤੌਰ ਤੇ ਚਾਂਦੀ ਦੇ ਸਿੱਕੇ ੧੫ ਗ੍ਰਾਮ ਅਤੇ ੩੦ ਗ੍ਰਾਮ ਦੇ ਜਾਰੀ ਕੀਤੇ ਗਏ ਹਨ ਅਤੇ ਭਾਰਤ ਸਰਕਾਰ ਵਲੋਂ ਵੀ ਇਸੇ ਗੁਰਪੁਰਬ ਨਿਮਿਤ ਮਿਸ਼ਰ ਧਾਤੁ ਦੇ ਸਿੱਕੇ ਜਾਰੀ ਕੀਤੇ ਗਏ ਹਨ। ਇਹ ਸਿੱਕੇ ਇਤਿਹਾਸਿਕ ਤ੍ਰਿ-ਸ਼ਤਾਬਦੀ ਦੀ ਪਵਿੱਤ੍ਰ ਯਾਦਗਾਰ ਵਜੋਂ ਤੁਸੀਂ ਹਮੇਸ਼ਾ ਲਈ ਆਪਣੇ ਕੋਲ ਰੱਖ ਸਕਦੇ ਹੋ ।

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਇਹ ਚਾਂਦੀ ਦੇ ਸਿੱਕੇ ਅਤੇ ਮਿਸ਼ਰ ਧਾਤੁ ਦੇ ਸਿੱਕੇ ਲਿਖਾਰੀ ਕਾਊਂਟਰ ਵਿਖੇ ਭੇਟਾ ਜਮ੍ਹਾਂ ਕਰ ਕੇ ਪ੍ਰਾਪਤ ਕਰ ਸਕਦੇ ਹੋ ਜੀ ।

| | | |
|---|---|---|
| ੧) | ਚਾਂਦੀ ਦਾ ਛੋਟਾ ਸਿੱਕਾ (੧੫ ਗ੍ਰਾਮ) | ੫੫੦-੦੦ ਰੁਪੈ |
| ੨) | ਚਾਂਦੀ ਦਾ ਵੱਡਾ ਸਿੱਕਾ (੩੦ ਗ੍ਰਾਮ) | ੧੧੦੦-੦੦ ਰੁਪੈ |
| ੩) | ਭਾਰਤ ਸਰਕਾਰ ਵਲੋਂ ਜਾਰੀ ਕੀਤਾ ਮਿਸ਼ਰ ਧਾਤੂ ਦੇ ਦੋ ਸਿੱਕਿਆਂ ਦਾ (੩੫ ਗ੍ਰਾਮ ਅਤੇ ੭.੭੧ ਗ੍ਰਾਮ) ਸੇਟ | ੨੫੦੦-੦੦ ਰੁਪੈ |

ਵਾਧੂ ਜਾਣਕਾਰੀ ਲਈ ਹੇਠ ਲਿਖੇ ਪਤੇ ਤੇ ਸੰਪਰਕ ਕਰੋ ਜੀ ।

**Superintendent,**
**Gurdwara Takhat Sachkhand Sri Hazur**
**Abchal Nagar Sahib, Nanded-431601 (M.S.)-INDIA**
ਫੋਨ ਨੰ: 02462-243559, 241266, 244166, 240083, 234813, ਫੈਕਸ : 02462-234812
ਗੁਰੂ ਰਾਮਦਾਸ ਜੀ ਯਾਤ੍ਰੀ ਨਿਵਾਸ 313517, 234901, ਐਨ.ਆਰ.ਈ. ਯਾਤ੍ਰੀ ਨਿਵਾਸ 234902, ਗੁਰਦੁਆਰਾ ਪਰਿਸਰ 234903
E-mail:- contact@hazursahib.com Visit us at:- http://www.hazursahib.com.

ਸੰਪਾਦਕੀ :

# ਸਿਮਰੌ ਸ੍ਰੀ ਹਰਿਰਾਇ..........

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਇਸ ਮਹੀਨੇ ਸਾਰਾ ਸਿੱਖ ਜਗਤ ਬੜੀ ਹੀ ਸ਼ਰਧਾ ਤੇ ਪ੍ਰੇਮ ਨਾਲ ਮਨਾ ਰਿਹਾ ਹੈ । ਇਸ ਨਮਿੱਤ ਸ੍ਰੀ ਗੁਰੂ ਹਾਰਿਰਾਇ ਸਾਹਿਬ ਜੀ ਦੇ ਪਾਵਨ ਚਰਨਾ ਦਾ ਧਿਆਨ ਆਪਾਂ ਵੀ ਕਰੀਏ । ਗੁਰੂ ਜੀ ਦਾ ਪ੍ਰਕਾਸ਼ ਸੰਨ ੧੬੩੦ ਵਿਚ ਹੋਇਆ ਆਪ ਬਾਬਾ ਗੁਰਦਿੱਤਾ ਜੀ ਦੇ ਸਪੁਤਰ ਸਨ । ਆਪ ਦਾ ਵਿਆਹ ਸੰਨ ੧੬੪੦ ਵਿਚ ਅਨੂਪ ਸ਼ਹਿਰ (ਉਤਰ ਪ੍ਰਦੇਸ਼) ਨਿਵਾਸੀ ਭਾਈ ਦਇਆ ਰਾਮ ਜੀ ਦੀ ਪੁੱਤ੍ਰੀ ਬੀਬੀ ਕਿਸ਼ਨ ਕੋਰ (ਸੁਲੱਖਣੀ) ਜੀ ਨਾਲ ਹੋਇਆ । ਆਪ ਜੀ ਦੇ ਦੋ ਸਾਹਿਬਜ਼ਾਦੇ ਸਨ । ਵੱਡੇ ਬਾਬਾ ਰਾਮ ਰਾਇ ਤੇ ਛੋਟੇ (ਗੁਰੂ) ਹਰਿ ਕ੍ਰਿਸ਼ਨ ਸਾਹਿਬ ਜੀ ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਜਦੋਂ ੩ ਮਾਰਚ ਸੰਨ ੧੬੪੪ ਵਿਚ ਜੋਤੀ ਜੋਤਿ ਸਮਾਏ ਤਾਂ ਗੁਰਤਾ ਗੱਦੀ ਸ੍ਰੀ ਗੁਰੂ ਹਾਰਿਰਾਇ ਸਾਹਿਬ ਜੀ ਨੂੰ ਬਖਸ਼ੀ । ਉਸ ਵੇਲੇ ਆਪ ਜੀ ੧੪ ਸਾਲ ਦੇ ਸਨ । ਗੁਰਿਆਈ ਦੀ ਜ਼ਿੰਮੇਵਾਰੀ ਸੰਭਾਲਣ ਦੇ ਦੋ ਸਾਲ ਬਾਅਦ ੧੬੪੬ ਵਿਚ ਪੰਜਾਬ ਵਿਚ ਕਾਲ ਪੈ ਗਿਆ । ਲੋਕੀ ਭੁਖੇ ਮਰਨ ਲੱਗੇ ਲਗਾਤਾਰ ਤਿੰਨ ਸਾਲ ਬਰਸਾਤ ਨਾ ਹੋਈ, ਅੰਨ ਦੀ ਪੈਦਾਵਾਰ ਨਾ ਹੋਈ ਗੁਰੂ ਘਰ ਤੋਂ ਇਹ ਕਿਸ ਤਰ੍ਹਾਂ ਬਰਦਾਸਤ ਹੋ ਸਕਦਾ ਸੀ । ਸ੍ਰੀ ਗੁਰੂ ਹਾਰਿਰਾਇ ਸਾਹਿਬ ਜੀ ਨੇ ਭੁਖੇ ਮਰਦੇ ਹੋਏ ਲੋਕਾਂ ਲਈ ਗੁਰੂ ਦਾ ਲੰਗਰ ਤੇ ਅੰਨ ਦਾ ਭੰਡਾਰ ਖੋਲ ਦਿੱਤਾ । ਦੂਰ ਦੂਰ ਤੋਂ ਵੀ ਸੰਗਤ ਆ ਕੇ ਆਪਣੇ ਦਸਵੰਧ ਵਜੋਂ ਅੰਨ ਦਾਨ ਕਰਨ ਲੱਗੇ । ਇਸ ਤਰ੍ਹਾਂ ਇਹ ਅਉਖੀ ਘੜੀ ਦਾ ਸਾਮਨਾ ਕੀਤਾ ਗਿਆ ।

ਸ਼ਹਾਜਹਾਨ ਨੇ ਜਦੋਂ ਮੰਦਰਾਂ ਨੂੰ ਢਾਹ ਦੇਣ ਦਾ ਹੁਕਮ ਕੀਤਾ ਤੇ ਪੁਰਾਣੇ ਮੰਦਰ ਦੀ ਮੁਰੰਮਤ ਵੀ ਨਾ ਹੋਣ ਦਿੱਤੀ ਤਾਂ ਹਿੰਦੂ ਧਰਮ ਦੇ ਲੋਕ ਤ੍ਰਾਹਿ ਤ੍ਰਾਹਿ ਕਰਨ ਲੱਗੇ । ਗੁਰੂ ਜੀ ਨੇ ਇਹਨਾਂ ਹਿੰਦੂ ਜਨਤਾ ਦਾ ਹੌਸਲਾ ਵਧਾਉਣ ਲਈ ਅਤੇ ਉਹਨਾਂ ਨੂੰ ਸਹਾਰਾ ਦੇਣ ਲਈ ਕੀਰਤਪੁਰ ਦੇ ਆਲੇ ਦੁਆਲੇ ਪ੍ਰਚਾਰ ਕੀਤਾ । ਕਰਤਾਰਪੁਰ, ਨੂਰ ਮਹਿਲ, ਡਰੋਲੀ, ਭਾਈ ਰੂਪਾ, ਆਦਿ ਪਿੰਡਾਂ ਤੋਂ ਹੁੰਦੇ ਹੋਏ ਗੁਰੂ ਜੀ ਮੇਹਰਾਜ ਪੁਜੇ । ਇਥੇ ਭਾਈ ਕਾਲੇ ਨੇ ਸੇਵਾ ਕੀਤੀ । ਇਕ ਦਿਨ ਭਾਈ ਕਾਲੇ ਨੇ ਆਪਣੇ ਦੋ ਭਤੀਜਿਆਂ ਫੂਲ ਤੇ ਸੰਦਲੀ ਨੂੰ ਲੈ ਕੇ ਗੁਰੂ ਮਹਾਰਾਜ ਦੇ ਦੀਵਾਨ ਵਿਚ ਹਾਜ਼ਰ ਹੋਇਆ। ਜਦੋਂ ਗੁਰੂ ਜੀ ਨੇ ਉਹਨਾਂ ਵੱਲ ਵੇਖਿਆ ਤਾਂ ਉਹ ਆਪਨਾ ਨੰਗਾ ਢਿਡ ਹੱਥਾਂ ਮਾਰ ਕੇ ਵਜਾਉਣ ਲਗੇ । ਗੁਰੂ ਜੀ ਨੇ ਭਾਈ ਕਾਲਾ ਨੂੰ ਕਾਰਣ ਪੁਛਿਆ ਤੇ ਭਾਈ ਕਾਲੇ ਨੇ ਕਿਹਾ ਗੁਰੂ ਜੀ ਮੇਰੇ ਭਤੀਜਿਆਂ ਦੇ ਮਾਂ ਪਿਉ ਮਰ ਗਏ ਹਨ । ਖਿਚਾਰੇ ਗਰੀਬ ਨੇ ਤੇ ਆਖ ਰਹੇ ਹਨ ਕਿ ਅਸੀਂ ਭੁੱਖੇ ਹਾਂ ਕੁਝ ਬਖਸ਼ਿਸ਼ ਕਰੋ । ਗੁਰੂ ਜੀ ਨੇ ਪ੍ਰਸੰਨ ਹੋ ਕੇ ਉਹਨਾਂ ਨੂੰ ਵਰਦਾਨ ਦਿੱਤਾ ਕਿ ਤੁਹਾੜੇ ਆਉਣ ਵਾਲਿਆਂ ਪੀੜੀਆਂ ਸਤਲੁਜ ਤੇ ਜਮਨਾ ਵਿਚਕਾਰ ਰਾਜ ਕਰਨਗੇ । ਜਿਸ ਦੇ ਫਲ ਸਰੂਪ ਇਹਨਾਂ ਨੇ ਪਟੀਆਲਾ, ਨਾਭਾ, ਤੇ ਜੀਂਦ ਤੀਕ ਰਾਜ ਕੀਤਾ ਤੇ ਇਹ ਰਿਆਸਤਾਂ ਹੋਂਦ ਵਿਚ ਆਏ ਤੇ ਫੂਲਕੀਆਂ ਰਿਆਸਤਾਂ ਕਹਿਲਾਏ ।

ਗੁਰੂ ਜੀ ਨੇ ਦੀਨ ਦੁਖਿਆਂ ਲਈ ਵੱਡਾ ਦਵਾਖਾਨਾ ਖੋਲ ਰਖਿਆ ਸੀ ਜਿਥੇ ਅਸਾਧ ਰੋਗੀ ਵੀ ਰਾਜੀ ਹੋ ਜਾਂਦੇ ਸਨ ਤੇ ਇਸ ਦਵਾਖਾਨੇ ਵਿਚ ਦੁਰਲਭ ਦਵਾਇਆਂ ਮਿਲਦੇ ਸਨ । ਇਕ ਵਾਰੀ ਦਾਰਾ ਸ਼ਿਕੋਹ ਸਖਤ ਬਿਮਾਰ ਪੈ ਗਿਆ ਤੇ ਇਸੇ ਗੁਰੂ ਜੀ ਦੇ ਦਵਾਖਾਨੇ ਵਿਚ ਦੀ ਦੁਰਲਭ ਦਵਾਈਆਂ ਨਾਲ ਹੀ ਰਾਜੀ ਹੋਇਆ ਸੀ । ਰਾਜੀ ਹੋਣ ਦੇ ਬਾਅਦ ਗੁਰੂ ਜੀ ਨੂੰ ਧੰਨਵਾਦ ਦੇਣ ਲਈ ਤੇ ਦਰਸ਼ਨ ਕਰਨ ਲਈ ਆਇਆ ਸੀ ।

ਔਰੰਗਜ਼ੇਬ ਦੇ ਸਦਣ ਤੋਂ ਗੁਰੂ ਜੀ ਨੇ ਬਾਬਾ ਰਾਮਰਾਇ ਜੀ ਨੂੰ ਦਿੱਲੀ ਭੇਜਿਆ ਸੀ । ਤੇ ਜਦ ਬਾਬਾ ਰਾਮਰਾਇ ਜੀ ਨੇ ਆਪਣਾ ਰਸੂਖ ਬਾਦਸ਼ਾਹ ਕੋਲ ਬਣਾ ਕੇ ਰਖਣ ਲਈ ਗੁਰੂਬਾਣੀ ਦੀ ਤੁਕ ਬਦਲ ਦਿੱਤੀ ਤਾਂ ਗੁਰੂ ਜੀ ਨੇ ਬਾਬਾ ਰਾਮ ਰਾਇ ਨੂੰ ਹਮੇਸ਼ਾ ਲਈ ਤਿਆਗ ਦਿੱਤਾ ਸੀ । ਆਪਣੇ ਛੋਟੇ ਸਪੁੱਤਰ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਤਾ ਗੱਦੀ ਬਖਸ਼ ਦਿੱਤੀ ।

–ਗਿ. ਅਵਤਾਰ ਸਿੰਘ ਸ਼ੀਤਲ

ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਸ਼ੁਰੂ ਹੋਈ

# ਜਾਗ੍ਰਤੀ ਯਾਤਰਾ

-ਡੀ. ਪੀ. ਸਿੰਘ
ਸੁਪ੍ਰਿੰਟੈਂਡੈਂਟ,
ਗੁਰਦੁਆਰਾ ਸੱਚਖੰਡ ਬੋਰਡ, ਨਾਂਦੇੜ ।

ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ, ਨਾਂਦੇੜ ਜਿੱਥੇ ਦਸਵੇਂ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੰਨ ੧੭੦੮ ਈ. ਵਿਚ ਗੁਰਿਆਈ ਗੱਦੀ ਦਿੱਤੀ ਅਤੇ ਸਿੱਖਾਂ ਲਈ ਆਦੇਸ਼ ਜਾਰੀ ਕੀਤਾ : 'ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਯੋ ਗ੍ਰੰਥ ।। ਗੁਰੂ ਗ੍ਰੰਥ ਜੀ ਮਾਨਿਓ ਪ੍ਰਗਟ ਗੁਰਾਂ ਕੀ ਦੇਹ ।।' ਅੱਜ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਹੈ ਅਤੇ ਅੱਗੇ ਤੋਂ ਦੇਹਧਾਰੀ ਗੁਰੂ ਕੋਈ ਨਹੀਂ ਹੋਵੇਗਾ । ਉਪਰੰਤ ਸੱਚਖੰਡ ਪ੍ਰਲੋਕ ਗਮਨ ਕਰ ਗਏ ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਆਪਣੇ ਰਾਜਪਾਟ ਦੌਰਾਨ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੀ ਉਚੇਚੇ ਤੌਰ ਤੇ ਪੰਜਾਬ ਤੋਂ ਕਾਰੀਗਰ ਭੇਜ ਕੇ ਸੇਵਾ ਕਰਾਈ । ਜਿਵੇਂ ਕਿ ਆਮ ਤੌਰ ਤੇ ਕਥਨ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹਰ ਸਿੱਖ ਦੀ ਹਜ਼ੂਰ ਸਾਹਿਬ ਦੇ ਦਰਸ਼ਨ ਕਰਨ ਲਈ ਉਡੀਕ ਕਰਦੇ ਹਨ । ਇਸ ਲਈ ਹਰ ਸਿੱਖ ਦੀ ਤਾਂਘ ਰਹਿੰਦੀ ਹੈ ਕਿ ਹਜ਼ੂਰ ਸਾਹਿਬ ਦੇ ਦਰਸ਼ਨ ਕਰਕੇ ਆਈਏ ।

ਜਿਵੇਂ ਕਿ ਪਹਿਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ, ਖਾਲਸਾ ਪੰਥ ਦੇ ਸਾਜਨਾ ਦਿਵਸ ਦੀਆਂ, ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਗੁਰਪੁਰਬ ਦੀਆਂ ਸ਼ਤਾਬਦੀਆਂ ਪੰਜਾਬ ਵਿਚ ਮਨਾਈਆਂ ਗਈਆਂ ਇਸੇ ਤਰ੍ਹਾਂ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੇ ਵੀ ੩੦੦ ਸਾਲਾ ਗੁਰਤਾਗੱਦੀ ਦਿਵਸ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੱਚਖੰਡ ਪ੍ਰਲੋਕ ਗਮਨ ਦਿਵਸ ਵਿਸ਼ਵ ਪੱਧਰ ਤੇ ਮਨਾਉਣ ਦਾ ਉਪਰਾਲਾ ਕੀਤਾ ਗਿਆ। ਇਸ ਵਿਚ ਕੇਂਦਰ ਸਰਕਾਰ, ਮਹਾਰਾਸ਼ਟਰ ਸਰਕਾਰ ਨੇ ਵੀ ਭਾਗ ਲੈਣ ਦਾ ਉਪਰਾਲਾ ਕੀਤਾ ਕਿ ਨਾਂਦੇੜ ਸ਼ਹਿਰ ਦਾ ਜਵਾਹਰ ਲਾਲ ਨਹਿਰੂ ਅਰਬਨ ਮਿਸ਼ਨ ਸਕੀਮ ਤਹਿਤ ਵਿਕਾਸ ਕੀਤਾ ਜਾਵੇ । ਸ਼ਹਿਰ ਦੇ ਵਿਕਾਸ ਦੀ ਯੋਜਨਾ ਬਣ ਕੇ ਪਾਸ ਹੋ ਗਈ । ਸਰਕਾਰ ਨੇ ਇਨ੍ਹਾਂ ਵਿਕਾਸ ਦੇ ਕੰਮਾਂ ਨੂੰ ਯੁੱਧ ਸਤਰ ਤੇ ਪੂਰਾ ਕਰਨ ਲਈ ਡਾ. ਪੀ. ਐਸ. ਪਸਰੀਚਾ ਡੀ.ਜੀ.ਪੀ. ਮਹਾਰਾਸ਼ਟਰ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਪ੍ਰਸ਼ਾਸਕੀ ਸਮਿਤੀ ਦਾ ਚੇਅਰਮੈਨ ਬਣਾ ਦਿੱਤਾ ਅਤੇ ਕੰਮ ੪-੮-੨੦੦੬ ਨੂੰ ਸ਼ੁਰੂ ਹੋ ਗਿਆ ।

ਗੁਰਦੁਆਰਾ ਸਾਹਿਬ ਦੇ ਕੰਮਾ ਦੇ ਵਿਕਾਸ ਨੂੰ ਮੱਦੇ ਨਜ਼ਰ ਰਖਦੇ ਹੋਏ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੀ ਆਵਾਜਾਈ ਵਿਚ ਵਾਧਾ ਹੋਣ ਲੱਗਾ ਤੇ ਪ੍ਰਚਾਰ ਪ੍ਰਸਾਰ ਵੀ ਅੱਛਾ ਹੋਣ ਲਗ ਪਿਆ । ਪ੍ਰੰਤੂ ਅਜੇ ਵੀ ਇਸ ਬਾਰੇ ਤਸੱਲੀ ਨਹੀਂ ਹੋਈ ਜਿਤਨਾਂ ਪ੍ਰਸਾਰ ਹੋਣਾ ਚਾਹੀਦਾ ਸੀ ਨਹੀਂ ਹੋ ਰਿਹਾ ਸੀ । ਮਾਨਯੋਗ ਡਾ. ਪਸਰੀਚਾ ਜੀ ਚੇਅਰਮੈਨ ਅਤੇ ਉਹਨਾ ਦੇ ਸਲਾਹਕਾਰ ਨੇ ਇਸ ਬਾਰੇ ਡੂੰਘੀਆਂ ਵਿਚਾਰਾਂ ਕੀਤੀਆਂ । ਪਹਿਲੇ ਸਲੋਗਨ '੩੦੦ ਸਾਲ ਗੁਰੂ ਦੇ ਨਾਲ' ਬਣਾ ਕੇ

ਕਵਿਤਾ ਰੂਪੀ ਉਘੇ ਪੌਪ ਗਾਇਕ ਕਲਾਕਾਰ ਦਲੇਰ ਮਹਿੰਦੀ ਰਾਹੀਂ ਸੰਗਤਾਂ ਤਕ ਪਹੁੰਚਾਇਆ। ਇਸ ਦੇ ਨਾਲ ਵਿਚਾਰ ਕੀਤਾ ਕਿ ਕਈ ਬਜ਼ੁਰਗਾਂ ਨੂੰ ਆਉਣ ਜਾਣ ਦੀ ਕਠਿਨਾਈ ਕਾਰਨ, ਆਵਾਜਾਈ ਦੇ ਸਾਧਨਾ ਦੀ ਘਾਟ ਕਾਰਨ, ਸਮੇਂ ਦੀ ਘਾਟ ਕਾਰਨ ਅਤੇ ਦੂਜੇ ਸਮਾਜ ਦੇ ਲੋਕਾ ਤੱਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਦੇਸ਼ ਮਾਨਵਤਾ ਭਾਈਚਾਰਾ, ਸਭੇ ਸਾਂਝੀਵਾਲ ਸਦਾਇਣ, ਇਸਤ੍ਰੀ ਨੂੰ ਬਰਾਬਰ ਦਾ ਦਰਜਾ ਇਤਿਆਦਿ ਹਨ ਦੇਸ਼ ਦੇ ਹਰ ਕੋਨੇ ਤਕ ਪਹੁੰਚਾਉਣ ਲਈ ਅਤੇ ਗੁਰਤਾਗੱਦੀ ਦਿਵਸ ਅਕਤੂਬਰ ੨੦੦੮, ਗੁਰੂ ਸਾਹਿਬ ਅਤੇ ਸਿੰਘ ਸੂਰਬੀਰ ਯੋਧਿਆਂ ਦੇ ਸ਼ਸਤਰਾਂ ਦੇ ਦਰਸ਼ਨ ਕਰਾਉਣ ਲਈ ਮਾਨਯੋਗ ਜਥੇਦਾਰ ਬਾਬਾ ਕੁਲਵੰਤ ਸਿੰਘ ਜੀ ਨਾਲ ਵਿਚਾਰ ਕਰਕੇ ਪੰਜ ਪਿਆਰੇ ਸਾਹਿਬਾਨ ਦੀ ਪ੍ਰਵਾਨਗੀ ਲੈ ਕੇ ਜਾਗ੍ਰਤੀ ਯਾਤਰਾ ਸ਼ੁਰੂ ਕਰਨ ਦਾ ਉਪਰਾਲਾ ਕੀਤਾ ਗਿਆ। ਇਸ ਕਾਰਜ ਲਈ ਨਵੀਂ ਟਾਟਾ ੭੦੯ ਚੈਸਿਜ਼ ਲੈਕੇ ਗੱਡੀ ਦੀ ਅੱਛੀ ਆਧੁਨਿਕ ਬਾਡੀ ਮੁੰਬਈ ਤੋਂ ਅਕਤੂਬਰ ੨੦੦੭ ਵਿਚ ਬਣਵਾਈ ਗਈ ਅਤੇ ੧੫-੧੧-੨੦੦੭ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਤੋਂ ਚਲਾਉਣ ਦੀ ਤਿਆਰੀ ਕੀਤੀ ਗਈ।

ਤਿਆਰੀਆਂ ਚਲ ਹੀ ਰਹੀਆਂ ਸਨ ਕਿ ਚੇਅਰਮੈਨ ਸਾਹਿਬ ਅਤੇ ਸ੍ਰ. ਜਸਬੀਰ ਸਿੰਘ ਧਾਮ ਨੇ ਸੋਚਿਆ ਕਿ ਜਾਗ੍ਰਤੀ ਯਾਤਰਾ ਚਲਾਉਣ ਵਾਲੇ ਦਿਵਸ ਨੂੰ ਹੋਰ ਇਤਿਹਾਸਿਕ ਕਰਨ ਲਈ ਪਹਿਲੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਸ਼ਾਮ ੪-੩੦ ਵਜੇ ਤੋਂ ੧੫ ਮਿੰਨਟ ਲਈ ਮੂਲ ਮੰਤਰ ਦਾ ਸਿਮਰਨ ਕੀਤਾ ਜਾਵੇ । ਟੀ. ਵੀ. ਚੈਨਲ ਰਾਹੀਂ ਇਸ ਨੂੰ ਦਿਖਾ ਕੇ ਗੁਰੂ ਨਾਲ ਜੋੜਿਆ ਜਾਵੇ । ਇਹ ਵੀ ਅਪੀਲ ਕੀਤੀ ਕਿ ਸੰਗਤ ਜਿਥੇ ਕਿਥੇ ਵੀ ਹੋਵੇ ਇਸ ਸਮੇਂ ੧੫ ਮਿੰਨਟ ਲਈ ਸਿਮਰਨ ਕਰੇ ।

੧੫-੧੧-੨੦੦੭ ਵਾਲਾ ਪਵਿੱਤਰ ਦਿਨ ਆ ਗਿਆ । ਤਖ਼ਤ ਸੱਚਖੰਡ ਸਾਹਿਬ ਵਿਖੇ ਸੰਗਤਾਂ ਹੁਮ-ਹੁਮਾ ਕੇ ਪਹੁੰਚੀਆਂ ਅਤੇ ਦੁਪਹਿਰ ਤੋਂ ਹੀ ਪੂਰੇ ਤਖ਼ਤ ਸਾਹਿਬ ਦੇ ਅੰਦਰ, ਪ੍ਰੀਕਰਮਾ ਵਿਚ ਸਜ ਗਈਆਂ ।

ਸ਼ਾਮ ੪ ਵਜੇ ਭਾਈ ਚਮਨਜੀਤ ਸਿੰਘ ਜੀ ਰਾਗੀ ਨੇ ਆਪਣੀ ਸੁਰੀਲੀ ਆਵਾਜ਼ ਨਾਲ ਕੀਰਤਨ ਆਰੰਭ ਕੀਤਾ ਅਤੇ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਦੇ ਜੱਥੇਦਾਰ ਸਾਹਿਬ ਬਾਬਾ ਕੁਲਵੰਤ ਸਿੰਘ ਜੀ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਭਾਈ ਜੁਗਿੰਦਰ ਸਿੰਘ ਜੀ ਵੇਦਾਂਤੀ ਅਤੇ ਹਜ਼ੂਰ ਸਾਹਿਬ ਦੇ ਮੀਤ ਜੱਥੇਦਾਰ, ਹੈਡ ਗ੍ਰੰਥੀ, ਮੀਤ ਗ੍ਰੰਥੀ, ਧੂਪੀਆ ਸਿੰਘ, ਇਸ ਸਿਮਰਨ ਸਮਾਗਮ ਦੀ ਆਰੰਭਤਾ ਲਈ ਤਖ਼ਤ ਸਾਹਿਬ ਤੇ ਹਾਜ਼ਰ ਹੋਏ । ਜੱਥੇਦਾਰ ਸਾਹਿਬ ਨੇ ਸੰਗਤਾਂ ਨੂੰ ਸਿਮਰਨ ਦਾ ਮਹਾਤਮ ਦੱਸਿਆ ਅਤੇ ਸਿਮਰਨ ਕਰਨ ਲਈ ਅਪੀਲ ਕੀਤੀ ।

ਇਸ ਦੌਰਾਨ ਦੇਸ਼ ਵਿਦੇਸ਼ ਤੋਂ ਵੀ ਚੇਅਰਮੈਨ ਡਾ. ਪਸਰੀਚਾ ਜੀ ਜੋ ਸਮਾਗਮ ਵਿਚ ਬੈਠੇ ਸਨ ਫੋਨ ਆਉਣੇ ਚਾਲੂ ਹੋ ਗਏ ਕਿ ਸਾਰੇ ਗੁਰਦੁਆਰਿਆਂ ਵਿਚ ਸੰਗਤਾਂ ਹੁਮ ਹੁਮਾ ਕੇ ਸਿਮਰਨ ਕਰਨ ਲਈ ਪਹੁੰਚੀਆਂ ਹੋਈਆਂ ਹਨ। ਇਸ ਦੌਰਾਨ ਮਾਨਯੋਗ ਸ੍ਰੀ ਅਸ਼ੋਕਰਾਓ ਜੀ ਚੌਹਾਨ ਉਦਯੋਗ ਮੰਤਰੀ ਜੋ ਹੁਣ ਮੁੱਖ ਮੰਤਰੀ ਮਹਾਰਾਸ਼ਟਰ ਹਨ, ਨੇ ਸਪੈਸ਼ਲ ਤੌਰ ਤੇ ਇਸ ਸਮਾਗਮ ਵਿਚ ਹਾਜ਼ਰੀ ਲਾਈ । ਠੀਕ ਸ਼ਾਮ ੪-੩੦ ਵਜੇ ਮੂਲ ਮੰਤਰ ਸਾਹਿਬ ਦਾ ਸਿਮਰਨ ਹੋਇਆ ਅਤੇ ਨਾਲ ਹੀ ਜਾਗ੍ਰਤੀ ਯਾਤਰਾ ਦੀ ਆਰੰਭਤਾ ਦੀ ਅਰਦਾਸ ਹੋਈ । ਨਵੀਂ ਤਿਆਰ ਆਧੁਨਿਕ ਗੱਡੀ ਫੁੱਲਾਂ, ਸਟੀਕਰਾਂ ਨਾਲ ਸਜਾਈ ਹੋਈ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਹੋਰ ਸੂਰਬੀਰ ਯੋਧਿਆਂ ਤੇ ਸ਼ਸਤਰ ਸਜਾਏ ਗਏ ਨਾਲ ਹੀ ਪਾਲਕੀ ਸਾਹਿਬ ਦੇ ਅੰਦਰ ਸ੍ਰੀ ਗੁਰੂ

ਗ੍ਰੰਥ ਸਾਹਿਬ ਜੀ ਦਾ ਸਰੂਪ ਸਜਾਇਆ ਗਿਆ। ਇਸ ਵਿਚ ਯਾਤਰੂਆਂ ਲਈ ਰਜਿਸਟਰ ਲੂਜ ਲੀਫ ਤੇ ਆਪਣੀ ਹਾਜ਼ਰੀ ਅਤੇ ਰਿਮਾਰਕ ਦੇਣ ਲਈ ਵੀ ਰਖੇ ਹੋਏ ਸਨ । ਇਹ ਗੱਡੀ ਨਾਂਦੇੜ ਸ਼ਹਿਰ ਦੇ ਅੰਦਰ ਵੱਖ ਵੱਖ ਬਜ਼ਾਰਾਂ ਵਿਚ ਨਗਰ ਕੀਰਤਨ ਰਾਹੀਂ ਰਾਤ ਬਾਉਲੀ ਸਾਹਿਬ ਗੁਰਦੁਆਰਾ ਪਹੁੰਚੀ ।

੧੬-੧੧-੨੦੦੭ ਨੂੰ ਸਵੇਰੇ ੮-੦੦ ਵਜੇ ਬਾਉਲੀ ਸਾਹਿਬ ਤੋਂ ਜਾਗ੍ਰਤੀ ਯਾਤਰਾ ਡਾ. ਪੀ.ਐਸ. ਪਸਰੀਚਾ ਚੇਅਰਮੈਨ ਸਾਹਿਬ ਜੀ ਨੇ ਜੈਕਾਰਿਆਂ ਦੀਆਂ ਗੂੰਜਾਂ ਅਤੇ '੩੦੦ ਸਾਲ ਗੁਰੂ ਦੇ ਨਾਲ' ਸਲੋਗਨਾ ਨਾਲ ਸ੍ਰ. ਇੰਦਰਜੀਤ ਸਿੰਘ ਜੀ ਗਲੀਵਾਲੇ ਮੈਂਬਰ ਸਮਿਤੀ ਦੀ ਅਗਵਾਈ ਹੇਠ ਔਰੰਗਾਬਾਦ ਲਈ ਰਵਾਨਗੀ ਕਰਾਈ । ਇਸੇ ਤਰ੍ਹਾਂ ਹੋਰ ਮੈਂਬਰ ਸਾਹਿਬਾਨ ਨੇ ਵੀ ਅਲੱਗ ਜਗ੍ਹਾ ਤੇ ਜਾ ਕੇ ਜਾਗ੍ਰਤੀ ਯਾਤਰਾ ਵਿਚ ਆਪਣਾ ਯੋਗਦਾਨ ਪਾਇਆ ।

ਇਸ ਤਰ੍ਹਾਂ ਇਹ ਜਾਗਰਤੀ ਯਾਤਰਾ ਲਗਪਗ ਅਲੱਗ ਅਲੱਗ ਪ੍ਰਾਂਤਾ ਵਿਚ ਪ੍ਰਮੁੱਖ ੨੩੦ ਸ਼ਹਿਰਾਂ, ਰਾਜਧਾਨੀਆਂ ਵਿਚ ਸੰਗਤਾਂ ਨੂੰ ਖੁਲੇ ਦਰਸ਼ਨ ਕਰਾਂਦੀ ਹੋਈ ਲਗਪਗ ੩੦੦੦੦ ਕਿਲੋਮੀਟਰ ਦਾ ਸਫਰ ਤਹਿ ਕਰਦੀ ਹੋਈ ਰਾਤ ੧੦-੮-੨੦੦੮ ਨੂੰ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਵਾਪਿਸ ਪਹੁੰਚੀ । ਇਸ ਦੌਰਾਨ ਸਾਰੇ ਪ੍ਰਾਂਤਾ ਦੇ ਅਤੇ ਸਾਰੇ ਧਰਮਾਂ ਦੇ ਨਾਗਰਿਕਾਂ ਨੇ ਪੂਰੀ ਸ਼ਰਧਾ ਭਾਵਨਾ ਨਾਲ ਇਸ ਜਾਗ੍ਰਤੀ ਯਾਤਰਾ ਨੂੰ ਜੀ ਆਇਆ ਕਿਹਾ ਅਤੇ ਸਵਾਗਤ ਲਈ ਬੈਂਡ ਬਾਜੇ, ਫੁੱਲਾਂ ਦੀ ਵਰਖਾ, ਸੜਕ ਉਤੇ ਪਾਣੀ ਨਾਲ ਧੁਲਾਈ ਕੀਤੀ ਉਪਰੰਤ ਫੁੱਲ ਵਿਛਾਏ ਗਏ ਇਥੋਂ ਤਿਕ ਕਿ ਸੜਕਾਂ ਤੇ ਨਵੇਂ ਕਪੜੇ ਦੀ ਵਿਛਾਈ ਵੀ ਕੀਤੀ ਗਈ, ਕਈ ਸ਼ਹਿਰਾਂ ਵਿਚ ਹਵਾਈ ਜਹਾਜ ਰਾਹੀਂ ਫੁੱਲਾਂ ਦੀ ਵਰਖਾ ਕੀਤੀ ਗਈ, ਤਰ੍ਹਾਂ ਤਰ੍ਹਾਂ ਦੇ ਲੰਗਰ, ਪ੍ਰਸ਼ਾਦਿ, ਸੁਕੇ ਮੇਵੇ, ਦੁੱਧ, ਚਾਹ, ਫਲ ਇਤਆਦਿ ਦੀ ਵਿਵਸਥਾ ਸੰਗਤਾਂ ਲਈ ਸ਼ਹਿਰਾਂ ਦੇ ਕੋਆਰਡੀਨੇਟਰਾਂ ਅਤੇ ਪਤਵੰਤੇ ਸੱਜਣਾਂ ਵਲੋਂ ਵੀ ਕੀਤੀ ਗਈ । ਜਿਸ ਪ੍ਰਮੁੱਖ ਸ਼ਹਿਰਾਂ ਵਿਚ ਇਹ ਜਾਗ੍ਰਤੀ ਯਾਤ੍ਰਾ ਨੇ ਜਾਣਾ ਸੀ ਉਸ ਸ਼ਹਿਰ ਦੇ ਪੰਜ ਪਿਆਰੇ ਸਾਹਿਬਾਨਾਂ ਵਲੋਂ ਸ਼ਹਿਰ ਆਉਣ ਤੋਂ ਪਹਿਲੇ ਜਗ੍ਹਾ ਤੇ ਪਹੁੰਚ ਕੇ ਸਤਿਕਾਰ ਸਹਿਤ ਗੁਰਦੁਆਰਾ ਸਾਹਿਬ, ਪੰਡਾਲ ਸਮਾਗਮ ਤੇ ਲਿਜਾਇਆ ਗਿਆ, 'ਚਰਨ ਸ਼ਰਨ ਗੁਰ ਏਕ ਪੈਂਡਾ ਜਾਇ ਚਲ ਸਤਿਗੁਰ ਕੋਟ ਪੈਂਡਾ ਆਗੇ ਹੋਏ ਲੇਤ ਹੈ'। ਕਈ ਸ਼ਹਿਰਾਂ ਵਿਚ ਤਾਂ ਹਾਥੀ, ਘੋੜੇ, ਗਤਕਾ ਪਾਰਟੀਆਂ ਨਾਲ, ਤੋਪਾਂ ਦੀਆਂ ਸਲਾਮੀਆਂ ਨਾਲ ਸਵਾਗਤ ਕੀਤਾ ਗਿਆ । ਇਥੋਂ ਤਕ ਕਿ ਰਾਜਧਾਨੀਆਂ ਵਿਚ ਮੁੱਖ ਮੰਤਰੀ ਸਾਹਿਬਾਨ, ਗਵਰਨਰ ਸਾਹਿਬਾਨ, ਮੰਤਰੀ ਸਾਹਿਬਾਨ ਅਤੇ ਹੋਰ ਪਤਵੰਤੇ ਸੱਜਣ ਸਵਾਗਤ ਕਰਨ ਲਈ ਹਾਜਰ ਹੋਏ । ਜਿਵੇਂ ਕਿ ਨਾਂਦੇੜ ਵਿਚ ਸ੍ਰੀਮਾਨ ਆਸ਼ੋਕਰਾਓ ਜੀ ਚੋਹਾਨ, ਤਤਕਾਲੀਨ ਉਦਯੋਗ ਮੰਤਰੀ ਅਤੇ ਵਰਤਮਾਨ ਮੁੱਖ ਮੰਤਰੀ ਮਹਾਰਾਸ਼ਟਰ ਸਰਕਾਰ, ਦਿੱਲੀ ਵਿਚ ਸ੍ਰੀਮਤੀ ਸ਼ੀਲਾ ਜੀ ਦਿਕਸ਼ਿਤ ਮੁੱਖ ਮੰਤਰੀ, ਸ੍ਰੀ ਐਲ. ਕੇ. ਅਡਵਾਨੀ ਵਿਰੋਧੀ ਪਾਰਟੀ ਨੇਤਾ ਭਾਰਤ ਸਰਕਾਰ, ਸ੍ਰੀ ਵੀ. ਕੇ. ਮਲਹੋਤਰਾ ਜੀ ਸਾਂਸਦ, ਸ੍ਰੀ ਓਮਪ੍ਰਕਾਸ਼ ਜੀ ਚੌਟਾਲਾ ਸਾਬਕਾ ਮੁੱਖ ਮੰਤਰੀ ਹਰਿਆਣਾ, ਜੰਮੂ-ਕਸ਼ਮੀਰ ਬਾਰਡਰ ਤੇ ਜੰਮੂ ਕਸ਼ਮੀਰ ਦੇ ਰਾਜਪਾਲ ਸ੍ਰੀ ਭਾਟੀਆ ਜੀ, ਮੁੱਖ ਮੰਤਰੀ ਸ੍ਰੀ ਗੁਲਾਬਨਬੀ ਆਜਾਦ ਅਤੇ ਨੈਸ਼ਨਲ ਕਾਨਫਰੰਸ ਦੇ ਨੇਤਾ ਸ੍ਰੀ ਫਾਰੂਕ ਅਬਦੂਲਾ ਜੀ, ਚੇਨਈ ਵਿਚ ਤਾਮਿਲਨਾਡੂ ਦੇ ਗਵਰਨਰ ਸ੍ਰ. ਸੁਰਜੀਤ ਸਿੰਘ ਜੀ ਬਰਨਾਲਾ, ਬੈਂਗਲੋਰ ਵਿਚ ਗ੍ਰਹਿ ਮੰਤਰੀ ਕਰਨਾਟਕ ਸਰਕਾਰ, ਹੈਦਰਾਬਾਦ ਵਿਚ ਗ੍ਰਹਿ ਮੰਤਰੀ, ਮੱਧ ਪ੍ਰਦੇਸ਼ ਦੀ ਰਾਜਧਾਨੀ ਭੋਪਾਲ ਵਿਚ ਮੁੱਖ ਮੰਤਰੀ ਸ੍ਰੀ ਸ਼ਿਵਰਾਜ ਸਿੰਘ ਚੌਹਾਨ, ਹੁਬਲੀ

ਵਿਚ ਸ੍ਰੀਮਤੀ ਉਮਾ ਭਾਰਤੀ ਸਾਬਕਾ ਸਾਂਸਦ, ਪੰਜਾਬ ਵਿਚ ਸ੍ਰ. ਸੁਖਬੀਰ ਸਿੰਘ ਜੀ ਬਾਦਲ ਪ੍ਰਧਾਨ ਸ਼ੋਮਣੀ ਅਕਾਲੀ ਦਲ (ਬਾਦਲ) ਆਦਿ ਨੇ ਅਤੇ ਇਸ ਯਾਤਰਾ ਨੂੰ ਹਿੰਦੂ, ਮੁਸਲਿਮ, ਸਿੱਖ, ਇਸਾਈ ਆਦਿ ਸਾਰਿਆਂ ਧਰਮਾਂ ਦੇ ਲੋਕਾਂ ਨੇ ਜਾਤ-ਪਾਤ, ਵਰਨ-ਭੇਦ ਨੂੰ ਮਿਟਾਕੇ ਬੜੇ ਹੀ ਉਤਸ਼ਾਹ ਅਤੇ ਸ਼ਰਧਾ ਨਾਲ ਸਨਮਾਨਤ ਕੀਤਾ।

ਈ.ਟੀ.ਸੀ. ਚੈਨਲ ਨੇ ਵੀ ਆਪਣਾ ਯੋਗਦਾਨ ਪਾਇਆ । ਐਤਵਾਰ ਨੂੰ ਸਵੇਰੇ ਅੱਧੇ ਘੰਟੇ ਲਈ ਇਸ ਹੋਈ ਪਿਛਲੇ ਸ਼ਹਿਰਾਂ ਦੀ ਯਾਤਰਾ ਦੀਆਂ ਝਲਕੀਆਂ ਦਿਖਾਈਆਂ ਕਿ ਕਿਸ ਤਰ੍ਹਾਂ ਹਰ ਧਰਮ ਦੇ ਲੋਕ, ਬੱਚੇ ਤੋਂ ਬਜ਼ੁਰਗਾਂ ਤਕ ਨੇ ਦਿਲੋਂ ਸਵਾਗਤ ਕਰਨ ਲਈ ਹਾਜਰੀਆਂ ਲਾਈਆਂ ਜਿਸ ਨਾਲ ਭਾਈਚਾਰੇ ਤੇ ਬਹੁਤ ਵੱਡਾ ਪ੍ਰਭਾਵ ਪਿਆ ।

ਭਾਰਤ ਸਰਕਾਰ ਦੇ ਪ੍ਰਧਾਨ ਮੰਤ੍ਰੀ ਸ੍ਰੀਮਾਨ ਡਾ. ਮਨਮੋਹਨ ਸਿੰਘ ਜੀ ਨੇ ਇਸ ਯਾਤਰਾ ਲਈ ਆਪਣਾ ਸ਼ੁਭਕਾਮਨਾ ਸੰਦੇਸ਼ ਮਿਤੀ ੦੨-੦੬-੨੦੦੮ ਨੂੰ ਭੇਜਿਆ, ਅਮਰੀਕਾ ਦੇ ਰਾਸ਼ਟ੍ਰਪਤੀ ਸ੍ਰੀ ਜਾਰਜ਼ ਬੁਸ਼ ਜੀ ਨੇ ਮਿਤੀ ੧੧-੦੬-੨੦੦੮ ਨੂੰ ਆਪਣੀ ਸ਼ੁਭ ਇਛਾਵਾਂ ਭੇਜੀਆ।

੧੦ ਅਗਸਤ ੨੦੦੮ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਵਿਖੇ ਰਾਤ ਦਾ ਵਿਸ਼ੇਸ਼ ਸਮਾਗਮ ਰੱਖਿਆ ਗਿਆ ਜਿਸ ਦਾ ਸਿੱਧਾ ਪ੍ਰਸਾਰਣ ਈ.ਟੀ.ਸੀ. ਚੈਨਲ ਰਾਹੀਂ ਰਾਤ ੮-੦੦ ਵਜੇ ਤੋਂ ੧੧-੦੦ ਵਜੇ ਤੱਕ ਹੋਇਆ । ਇਹ ਸਮਾਗਮ ਤਖ਼ਤ ਸਾਹਿਬ ਦੇ ਪੰਜ ਪਿਆਰੇ ਸਾਹਿਬਾਨ ਦੀ ਅਗਵਾਈ ਹੇਠ ਹੋਇਆ ਅਤੇ ਉਚ ਕੋਟੀ ਦੇ ਰਾਗੀ ਸਿੰਘਾਂ ਨੇ ਭਾਗ ਲਿਆ । ਜਿਹਨਾਂ ਪਤਵੰਤੇ ਸੱਜਣਾ ਅਤੇ ਕੋਅਰਡੀਨੇਟਰਾਂ ਨੇ ਜਾਗ੍ਰਤੀ ਯਾਤਰਾ ਦੀ ਸੇਵਾ ਕੀਤੀ ਉਹਨਾਂ ਦਾ ਇਸ ਸਮਾਗਮ ਵਿਚ ਮਾਨਯੋਗ ਜੱਥੇਦਾਰ ਬਾਬਾ ਕੁਲਵੰਤ ਸਿੰਘ ਜੀ ਵਲੋਂ ਸਨਮਾਨ ਕੀਤਾ ਗਿਆ ।

ਇਸ ਜਾਗਰਤੀ ਯਾਤਰਾ ਦੇ ਸਾਲਾਨਾ ਯਾਦ ਤਾਜਾ ਕਰਨ ਲਈ ੧੫-੧੧-੦੮ ਨੂੰ ਫਿਰ ਸਮਾਗਮ ਤਖ਼ਤ ਸਾਹਿਬ ਸ੍ਰੀ ਹਜ਼ੂਰ ਸਾਹਿਬ ਤੇ ਮਨਾਇਆ ਗਿਆ ਅਤੇ ਭਵਿਖ ਵਿਚ ਇਸ ਤਰ੍ਹਾਂ ਕਰਨ ਦਾ ਵਿਚਾਰ ਕੀਤਾ ਗਿਆ ਹੈ ਤਾਂ ਜੋ ਗੁਰੂ ਘਰ ਨਾਲ ਸੰਗਤਾਂ ਜੁੜੀਆਂ ਰਹਿਣ ।

ਜਿਨ੍ਹਾਂ ਸੰਦੇਸ਼ਾਂ ਨੂੰ ਲੈਕਰ ਇਹ ਯਾਤਰਾ ਆਰੰਭ ਹੋਈ, ਉਹ ਸਨ :-

''ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ।।''

''ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ।।''

''ਅਵਲਿ ਅਲਹ ਨੂਰੁ ਉਪਾਇਆ
ਕੁਦਰਤਿ ਕੇ ਸਭ ਬੰਦੇ ।।
ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ।।''

''ਖਤ੍ਰੀ ਬ੍ਰਾਹਮਣ ਸੂਦ ਵੈਸ
ਉਪਦੇਸੁ ਚਹੁ ਵਰਨਾ ਕਉ ਸਾਝਾ ।।''

# ਸ੍ਰੀ ਗੁਰੂ ਗੋਬਿੰਦ ਸਿੰਘ ਜੀ : ਵਿਸ਼ਵ ਭਾਈਚਾਰੇ ਦੇ ਰਹਿਬਰ

-ਡਾ. ਕੁਲਦੀਪ ਸਿੰਘ ਧੀਰ

ਆਧੁਨਿਕਤਾ ਦੀ ਤਰਕ, ਵਿਗਿਆਨ ਇੰਦ੍ਰਿਆਵੀ ਅਨੁਭਵ ਦੇ ਪ੍ਰਮਾਣ, ਐਨਲਾਈਟਨਮੈਂਟ ਦੀ ਕਾਰਟੀਜ਼ੀਅਨ ਸੋਚ ਅੱਜ ਉਤਰ ਆਧੁਨਿਕਤਾ ਵਿਚ ਰੂਪਾਂਤਰਿਤ ਹੋ ਰਹੀ ਹੈ, ਕਿਉਂਕਿ ਉਸ ਨੂੰ ਮਨੁੱਖੀ ਭਾਈਚਾਰੇ ਲਈ ਅਮਨ ਸ਼ਾਂਤੀ, ਸਹਿਹੋਂਦ, ਨਿਆਂ ਦਾ ਕੋਈ ਵਿਸ਼ਵਾਸ ਯੋਗ ਵਿਕਾਸ ਮਾਡਲ ਪ੍ਰਦਾਨ ਕਰਨ ਵਿਚ ਸਫਲਤਾ ਨਹੀਂ ਮਿਲੀ । ਪੂੰਜੀਵਾਦ ਤੇ ਸਮਾਜਵਾਦ ਦੇ ਇਸ ਦੇ ਦੋਵੇਂ ਮਾਡਲ ਜੋ ਆਰਥਿਕ ਆਧਾਰ ਉਤੋਂ ਉਭਰ ਕੇ ਵਿਆਪਕ ਮਹਾਂਬਿਰਤਾਂ ਤਾਂ ਵਜੋਂ ਪੇਸ਼ ਹੋਏ ਸਨ, ਅਧੂਰੇ ਸਾਬਤ ਹੋ ਚੁਕੇ ਸਨ। ਇੱਕ ਨੇ ਮਨੁੱਖ ਨੂੰ ਮਾਇਆ ਦੇ ਇੱਕ ਰੂਪ ਸਰਮਾਏ ਅਤੇ ਦੂਜੇ ਨੇ ਮਾਇਆ ਦੇ ਹੀ ਦੂਜੇ ਰੂਪ ਸੱਤਾ ਦਾ ਗੁਲਾਮ ਬਨਾਇਆ । ਇਕ ਪ੍ਰਬੰਧ ਅਨਿਆਇ ਤੇ ਸ਼ੋਸ਼ਣ ਭਰਪੂਰ ਹੋਣ ਕਾਰਨ ਨਿਹਕੀ ਹੈ ਅਤੇ ਦੂਜਾ ਵਿਅਕਤੀ ਦੇ ਹੱਕ ਸੱਤਾ ਜਾਂ ਸਟੇਟ ਦੇ ਹਵਾਲੇ ਕਰ ਦਿੰਦਾ ਹੈ । ਉਸ ਕੋਲ ਹੱਕ ਰਹਿਣ ਹੀ ਨਹੀਂ ਦਿੰਦਾ। ਦੋਹਾਂ ਮਹਾਂ ਬਿਰਤਾਂਤਾਂ ਵਿਚ ਦੂਜੇ ਲਈ ਥਾਂ ਨਹੀਂ । ਦੂਜੇ ਦਾ ਪ੍ਰਵਚਨ ਸਮੁੱਚੇ ਰੂਪ ਵਿਚ ਗਲਤ ਤੇ ਆਪਣਾ ਸੰਪੂਰਨ ਸੱਚ ਬਣ ਗਿਆ ਹੈ । ਇਕ ਨੇ ਇਰਾਕ ਅਫਗਨਿਸਤਾਨ ਵਿਚ ਆਪਣਾ ਚਿਹਰਾ ਦਿੱਖਾ ਦਿੱਤਾ ਹੈ ਤੇ ਦੂਜੇ ਨੇ ਸਤਾਲਿਨ ਦੇ ਦਮਨ ਚਕਰ ਸਮੇਂ । ਰੂਸ ਦਾ ਸਮਾਜਵਾਦੀ ਢਾਂਚਾ ਬਿਖਰ ਗਿਆ ਹੈ ਤਾਂ ਅਮਰੀਕਾ ਦੇ ਪੂੰਜੀਵਾਦ ਹੀ ਨਹੀਂ ਉਦਾਰ ਪੂੰਜੀਵਾਦ ਤੱਕ ਦਾ ਕਰੂਪ ਚਿਹਰਾ ਵੀ ਨੰਗਾ ਹੋ ਚੁੱਕਾ ਹੈ । ਫਿਊਕੋਮਾ ਦਾ ਐਂਡ ਆਫ ਹਿਸਟਰੀ ਦਾ ਦਾਅਵਾ ਫੋਕੀ ਫੜ੍ਹ ਬਣ ਕੇ ਰਹਿ ਗਿਆ ਹੈ । ਸੈਮੂਅਲ ਹੰਟਿਮਟਨ ਦਾ ਸਭਿਤਾਵਾਂ ਦੇ ਭੇੜ ਦਾ ਮਾਡਲ ਵੀ ਅਮਨ ਸ਼ਾਂਤੀ ਤੇ ਵਿਸ਼ਵ ਭਾਈਚਾਰੇ ਦੇ ਮਾਡਲ ਦੀ ਥਾਂ ਟਕਰਾਵ ਦਾ ਯਥਾਰਥ ਚਿਤ੍ਰਨ ਤਕ ਸੀਮਿਤ ਹੈ । ਇਸ ਸਮੇਂ ਇਸ ਜਗਤ ਤਮਾਸ਼ੇ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਵਿਸ਼ਵ ਭਾਈਚਾਰੇ ਦੀ ਬਹੁਰੰਗੀ ਹੋਂਦ ਨੂੰ ਸਵੀਕਾਰਨ ਦਾ ਇਹ ਸੰਦੇਸ਼ ਹੀ ਸਾਰਥਕ ਦਿਸ਼ਾ ਦੇ ਸਕਦਾ ਹੈ :

''ਕੋਈ ਭਇਓ ਮੂੰਡੀਆ ਸੰਨਿਆਸੀ
ਕੋਊ ਜੋਗੀ ਭਇਓ ।।
ਕੋਊ ਬ੍ਰਹਮਚਾਰੀ,
ਕੋਊ ਜਤੀ ਅਨੁਮਾਨਬੋ ।।
ਹਿੰਦੂ ਤੁਰਕ ਕੋਊ ਰਾਫਿਜੀ
ਇਮਾਮ ਸਾਫੀ ।।
ਮਾਨਸ ਕੀ ਜਾਤਿ ਸਬੈ ਏਕੈ
ਪਹਚਾਨਬੋ ।।''

ਇਸ ਜਗਤ ਤਮਾਸ਼ੇ ਬਾਰੇ ਗਾਲਿਬ ਨੇ ਕਦੇ ਕਿਹਾ ਸੀ :

''ਹੋਤਾ ਹੈ ਸ਼ਬੈ ਰੋਜ਼ ਤਮਾਸਾ ਮਿਰੇ ਆਗੇ ।
ਬਾਜ਼ੀਚਾ-ਏ-ਇਤਫਾਲ ਹੈ
ਦੁਨੀਆ ਮਿਰੇ ਆਗੇ ।''

ਇਸ ਜਗਤ ਤਮਾਸ਼ੇ ਨੂੰ ਵੇਖਣ ਵਾਸਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਏ ਤਾਂ ਉਨ੍ਹਾਂ ਕਿਹਾ :

ਹਾਊਸ ਨੰ. ੨, ਸਟਰੀਟ ਨੰ. ੯, ਗੁਰੂ ਨਾਨਕ ਨਗਰ ਪਟਿਆਲਾ ।

"ਮੈਂ ਹੂੰ ਪਰਮ ਪੁਰਖ ਕਉ ਦਾਸਾ ।।
ਦੇਖਣ ਆਇਓ ਜਗਤ ਤਮਾਸਾ ।।"

ਪਰ ਇਹ ਤਮਾਸ਼ਾ ਬਿਨਾਂ ਕਿਸੇ ਸੇਧ ਦੇ ਚਲਦਾ ਰਹਿਣਾ ਉਨ੍ਹਾਂ ਨੂੰ ਮਨਜ਼ੂਰ ਨਹੀਂ ਸੀ। ਉਨ੍ਹਾਂ ਨੇ ਇਸ ਤਮਾਸ਼ੇ ਦੀ ਹਰ ਧਿਰ ਨੂੰ ਸਪਸ਼ਟ ਕੀਤਾ ਕਿ ਮੈਂ ਹਕ, ਨਿਆ, ਸੱਚ, ਧਰਮ ਲਈ ਲੜਾਂਗਾ । ਦੁਸ਼ਟਾਂ ਦਾ ਨਾਸ਼ ਕਰਾਂਗਾ, ਨੇਕ ਬੰਦਿਆਂ ਦੇ ਨਾਲ ਖਲੋਵਾਂਗਾ :

"ਯਾ ਹੀ ਕਾਜ ਧਰਾ ਹਮ ਜਨਮੰ ।।
ਸਮਝ ਲੇਹੁ ਸਾਧੂ ਸਭ ਮਨਮੰ ।।
ਧਰਮ ਚਲਾਵਨ ਸੰਤ ਉਬਾਰਨ ।।
ਦੁਸਟ ਸਭਨ ਕੋ ਮੂਲ ਉਪਾਰਨ ।।"

ਉਨ੍ਹਾਂ ਨੂੰ ਇਸ ਜਗਤ ਤਮਾਸ਼ੇ ਦੇ ਬਹੁ ਰੰਗੇ ਸਰੂਪ ਦਾ ਉਹ ਗੁਰਮਤਿ ਦਰਸ਼ਨ ਵਿਰਸੇ ਵਿਚ ਮਿਲਿਆ ਸੀ ਜੋ ਇਹ ਦ੍ਰਿੜ੍ਹ ਕਰਵਾਂਦਾ ਸੀ :

"ਸੂਰਜੁ ਏਕੋ ਰੁਤਿ ਅਨੇਕ ।।
ਨਾਨਕ ਕਰਤੇ ਕੇ ਕੇਤੇ ਵੇਸ ।।"

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਇਹ ਸੰਦੇਸ਼ ਰੂਪ ਵਟਾ ਵਟਾ ਕੇ ਨਿਰੰਤਰ ਜਨ ਸਾਧਾਰਨ ਨੂੰ ਦ੍ਰਿੜ੍ਹ ਕਰਵਾਇਆ ਜਾ ਰਿਹਾ ਸੀ ਕਿ ਇਸ ਜਗਤ ਦੇ ਸਿਰਜਨਹਾਰੇ ਦਾ ਕੋਈ ਇਕ ਨਾਮ ਨਹੀਂ । ਉਸ ਨੂੰ ਮਿਲਣ ਦਾ ਕੋਈ ਇਕੋ ਰਾਹ ਹੀ ਨਹੀਂ , ਬਲਿਹਾਰੀ ਜਾਉ ਜੇਤੇ ਤੇਰੇ ਨਾਮ ਹੈ । ਇਸ ਜਗਤ ਜਲੰਦੇ ਦੇ ਕਲਿਆਣ ਲਈ ਹਰ ਮਾਰਗ ਪ੍ਰਵਾਨ ਹੈ :

"ਜਗਤ ਜਲੰਦਾ ਰਖਿ ਲੈ
ਅਪਣੀ ਕਿਰਪਾ ਧਾਰਿ ।।
ਜਿਤੁ ਦੁਆਰੈ ਉਬਰੈ
ਤਿਤੈ ਲੇਹੁ ਉਬਾਰਿ ।।"

ਇਹ ਜਗਤ ਸੱਚੇ ਅਕਾਲਪੁਰਖ ਦੀ ਕੋਠੜੀ ਹੈ । ਹਰ ਇਕ ਵਿਚ ਉਸ ਦੀ ਜੋਤਿ ਹੈ । ਕਿਸੇ ਦੇ ਮਾੜੀ ਸੋਚ ਕਰਮ ਤੇ ਵਿਹਾਰ ਨਾਲ ਬੰਦੇ ਦਾ ਸ਼ੀਸ਼ਾ ਧੁੰਦਲਾ ਹੋਣ ਕਾਰਨ, ਉਸ ਵਿਚਲੀ ਜੋਤਿ ਸਾਫ ਨਜ਼ਰ ਨਹੀਂ ਆਉਂਦੀ। ਜੋਤਿ ਤਾਂ ਉਹੀ ਹੈ । ਉਸ ਜਗਤ ਦਾ ਮਾਲੀ ਉਹ ਅਕਾਲਪੁਰਖ ਆਪ ਹੈ । ਇਹ ਰੰਗ ਬਿਰੰਗਾ ਬਾਗ ਉਸ ਦੀ ਖੇਡ ਹੈ। ਇਸ ਦੇ ਰੰਗ ਬਿਰੰਗੇਪਣ ਨੂੰ ਮਿਟਾਣਾ ਦੇ ਮਿਟਦੇ ਵੇਖਣਾ ਉਨ੍ਹਾਂ ਨੂੰ ਪ੍ਰਵਾਨ ਨਹੀਂ ਸੀ । ਇਸ ਦੀ ਬਹੁ ਰੰਗੀ, ਬਹੁ-ਸੁਰੀ ਸਲਾਮਤੀ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਵਿਭਿੰਨ ਜਾਤਾਂ, ਪ੍ਰਾਂਤਾਂ, ਵਰਣਾ, ਮਤਾਂ ਮਤਾਂਤਰਾਂ ਦੇ ਛੱਤੀ, ਗੁਰੂਆਂ, ਭਗਤਾਂ, ਭਟਾਂ ਤੇ ਹੋਰ ਮਹਾਂ ਪੁਰਖਾਂ ਦੀ ਬਾਣੀ ਸੰਕਲਿਤ ਕੀਤੀ ਸੀ ਤੇ ਆਖਿਆ ਸੀ :

"ਸਭੇ ਜੀਅ ਸੰਭਾਲਿ ਅਪਣੀ ਮਿਹਰ ਕਰੁ ।।
ਅੰਨੁ ਪਾਣੀ ਮੁਚੁ ਉਪਾਇ
ਦੁਖ ਦਾਲਦੁ ਭੰਨਿ ਤਰੁ ।।"

ਇਸ ਵਿਚ ਦੂਜੇ ਲਈ ਥਾਂ ਸੀ । ਅਨੇਕਤਾ ਲਈ ਸਤਿਕਾਰ ਸੀ । ਇਸੇ ਅਨੇਕਤਾ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਿਆਲੀ ਸਾਲ ਦੇ ਸੰਖੇਪ ਪਰ ਘਟਨਾ ਭਰਪੂਰ ਕਾਲ ਖੰਡ ਵਿਚ ਆਪਣੇ ਪਿਤਾ, ਮਾਤਾ, ਚਾਰੇ ਬਚਿਆਂ ਦੀ ਕੁਰਬਾਨੀ ਦਿੱਤੀ ਆਪ ਪ੍ਰਭੂ ਤੋਂ ਇਹ ਮੰਗ ਕੀਤੀ :

"ਦੇਹ ਸ਼ਿਵਾ ਬਰ ਮੋਹਿ ਇਹੈ
ਸੁਭ ਕਰਮਨ ਤੇ ਕਬਹੂ ਨ ਟਰੋਂ ।।
ਨਾ ਡਰੋ ਅਰਿ ਸਿਉਂ ਜਬ ਜਾਇ ਲਰੋਂ
ਨਿਸਚੈ ਕਰ ਅਪਨੀ ਜੀਤ ਕਰੋਂ ।।
ਅਰ ਸਿਖ ਹੋਂ ਅਪਨੇ ਹੀ ਮਨ ਕੋ
ਇਹ ਲਾਲਚ ਹਉਂ ਗੁਨ ਤਉ ਉਚਰੋਂ ।।
ਜਬ ਆਵ ਕੀ ਅਉਧ ਨਿਦਾਨ ਬਨੈ
ਅਤ ਹੀ ਰਨ ਮਹਿ ਤਬ ਜੂਝ ਮਰੋ ।।

ਕਿਸੇ ਡਰ ਦਾਬ ਜਾਂ ਧੱਕੇ ਕਾਰਨ ਸਿੱਖ ਬਣਨ ਦੀ ਗਲ ਪ੍ਰਭੂ ਅਗੇ ਕੀਤੀ ਇਸ ਬੇਨਤੀ ਵਿਚ ਨਹੀਂ । ਆਪਣੇ ਜਾਂ ਆਪਣੇ ਪਰਿਵਾਰ ਦੀ ਖੁਸ਼ਹਾਲੀ ਜਾਂ ਲੰਮੀ ਉਮਰ ਦੀ ਮੰਗ ਨਹੀਂ । ਮੰਗ ਹੈ ਤਾਂ ਸ਼ੁਭ ਕਰਮਾਂ ਲਈ ਲੜਣ ਤੇ ਲੋੜ ਪਵੇ ਤਾਂ ਜੂਝ ਮਰਨ ਦੀ । ਔਖੀ ਘੜੀ ਜਾਂ ਸੰਕਟ ਵਿਚ ਕਿਸੇ ਨਿਰਾਸ਼ਾ ਦੀ ਸੁਰ ਇਸ ਵਿਚ ਨਹੀਂ । ਜਿੱਤ ਦਾ ਨਿਸ਼ਚਾ ਹੈ । ਵਿਸ਼ਵਾਸ਼ ਹੈ । ਇਹ ਵਿਸ਼ਵਾਸ ਉਹ ਸਾਰੀ ਮਨੁਖਤਾ ਨੂੰ ਦ੍ਰਿੜ ਕਰਵਾਂਦੇ ਹਨ ਕਿ ਹਰ ਦੁਸ਼ਟ ਦਾ ਖਾਤਮਾ ਹੋਵੇਗਾ । ਨੇਕੀ ਤੇ ਨਿਆ ਦਾ ਹਰ ਦੁਸ਼ਮਣ ਹਾਰੇਗਾ । ਅੰਤ ਵਿਚ ਹਕ ਸੱਚ ਹੀ ਵਿਜੇਈ ਹੋਵੇਗਾ :

''ਦਾਨਵ ਦੇਵ ਫਨਿੰਦ ਨਿਸਾਚਰ
ਭੂਤ ਭਵਿੱਖ ਭਵਾਨ ਜਪੈਂਗੇ ।।
ਜੀਵ ਜਿਤੇ ਜਲ ਮੈ ਥਲ ਮੈ
ਪਲ ਹੀ ਪਲ ਮੈ ਸੁਭ ਥਾਪ ਥਪੈਂਗੇ ।।
ਪੁੰਨ ਪ੍ਰਤਾਪਨ ਬਾਢ ਜੈਤ ਧੁਨ,
ਪਾਪਨ ਕੇ ਬਹੁ ਪੁੰਜ ਖਪੈਂਗੇ ।।
ਸਾਧ ਸਮੂਹ ਪ੍ਰਸੰਨ ਫਿਰੈ ਜਗ,
ਸਤ੍ਰ ਸਭੈ ਅਵਲੋਕ ਚਪੈਂਗੇ ।।੭।।''

ਇਸੇ ਦ੍ਰਿੜ ਵਿਸ਼ਵਾਸ ਤੇ ਸੱਚੇ ਸੁੱਚੇ ਉਦੇਸ਼ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਦੀ ਸਭ ਤੋਂ ਸ਼ਕਤੀਸ਼ਾਲੀ ਹਕੂਮਤ ਨਾਲ ਮੱਥਾ ਲਾਇਆ । ਔਰੰਗਜ਼ੇਬ ਜਿਸ ਦਾ ਸਾਰੇ ਹਿੰਦੁਸਤਾਨ ਉਤੇ ਇਕ ਛਤਰ ਰਾਜ ਸੀ, ਜਿਸ ਅੱਗੇ ਕੋਈ ਆਵਾਜ਼ ਨਹੀਂ ਸੀ ਕਰ ਸਕਦਾ, ਜੋ ਆਪਣੇ ਆਪ ਨੂੰ ਔਰੰਗਜ਼ੇਬ ਭਾਵ ਤਖ਼ਤ ਦੀ ਸ਼ੋਭਾ, ਤਖ਼ਤ ਦੀ ਸ਼ਾਨ ਕਹਿੰਦਾ ਸੀ, ਉਸ ਨੂੰ ਉਸ ਦੇ ਅੰਨਿਆਂ ਪੂਰਨ ਜੀਵਨ ਵਿਹਾਰ ਕਾਰਨ ਤਖ਼ਤ ਉਤੇ ਬਦਨੁਮਾ ਦਾਗ ਕਹਿ ਕੇ ਫਿਟਕਾਰਿਆ । ਉਸ ਦੀ ਦਸ ਲੱਖ ਦੀ ਫੌਜ ਦਾ ਚਾਲੀ ਭੁਖੇ ਸਾਥੀਆਂ ਨਾਲ ਟਾਕਰਾ ਕੀਤਾ ਤੇ ਉਸ ਨੂੰ ਲਿਖ ਕੇ ਕਿਹਾ ਕਿ ਚਾਲੀ ਭੁੱਖੇ ਸਿੱਖਾਂ ਨੇ ਤੇਰੀ ਦਸ ਲੱਖ ਫੌਜ ਦਾ ਟਾਕਰਾ ਕੀਤਾ ਹੈ ਅਤੇ ਉਹ ਵੀ ਉਦੋਂ ਜਦੋਂ ਉਹ ਅਚਾਨਕ ਆ ਪਏ :

''ਗੁਰਸਨਾਹ ਕਿ ਕਾਰੇ ਕੁਨਦ ਚਿਹਲ ਨਰ ।
ਕਿ ਦਹ ਲਕ ਬਆਇਦ ਬਰੋ ਬੇਖਬਰ ।''

ਉਸ ਨੂੰ ਆਖਿਆ ਕਿ ਕੀ ਹੋਇਆ ਤੂੰ ਚਿੰਗਾੜੀਆਂ ਬੁਝਾ ਦਿੱਤੀਆਂ ਨੇ, ਪਰ ਭਾਂਬੜ ਅਜੇ ਕਾਇਮ ਹੈ । ਤੂੰ ਤਾਂ ਬਸ ਚਾਰ ਸਪੋਲੀਏ ਹੀ ਮਾਰੇ ਨੇ, ਅਜੇ ਫਨੀਅਰ ਕਾਇਮ ਹੈ । ਜੋ ਤੂੰ ਕੀਤਾ ਹੈ ਇਹ ਕਾਹ ਦੀ ਮਰਦਾਨਗੀ ਹੈ :

''ਚਿਹਾਂ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ ।
ਚਿ ਮਰਦੀ ਕਿ ਅਖ਼ਗਰ ਖਮੋਸ਼ਾਂ ਕੁਨੀ ।
ਕਿ ਆਤਸ਼ੇ ਕਸਾਂ ਰਾਂ ਬਦਉਰਾਂ ਕੁਨੀ ।''

ਤੂ ਤੇ ਤੇਰੇ ਬੰਦੇ ਮੂਹੋ ਕੁਝ ਕਹਿੰਦੇ ਹਨ, ਦਿਲੋ ਕੁਝ । ਮਰਦ ਇੰਜ ਨਹੀਂ ਕਰਦੇ। ਉਹ ਅੰਦਰੋਂ ਬਾਹਰੋਂ ਇਕ ਹੁੰਦੇ ਹਨ । ਮੂੰਹ ਵਿਚ ਹੋਰ ਤੇ ਦਿਲ ਵਿਚ ਹੋਰ । ਇਹ ਗਲ ਮਰਦਾਂ ਨੂੰ ਸ਼ੋਭਾ ਨਹੀਂ ਦਿੰਦੀ :

''ਹਮੂੰ ਮਰਦ ਬਾਇਦ ਸ਼ਵਦ ਸੁਖਨ ਵਰ ।
ਨਾ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ।''

ਇਹ ਬੋਲ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੱਚ ਸੁਣਾਇਸੀ ਸਚ ਕੀ ਬੇਲਾ ਦੇ ਹੀ ਬੋਲ ਸਨ । ਉਹ ਬੋਲ ਜਿਨ੍ਹਾਂ ਨੂੰ ਬੋਲਦੇ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ਼ਾਂਤਮਈ ਹਰ ਸੱਚ ਤੇ ਅਨੇਕਤਾ ਦੀ ਰਖਿਆ ਕਰਦੇ ਹੋਏ, ਬਾਬਰ ਨਾਲ ਸ਼ਾਂਤਮਈ ਟੱਕਰ ਲਈ ਸੀ, ਉਸੇ ਸੁਰ ਵਿਚ ਸ਼ਸਤਰ ਚੁਕ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੱਕ ਸੱਚ ਨਿਆਂ ਅਤੇ

ਬਹੁ-ਵਚਨੀ ਮਨੁੱਖੀ ਹੋਂਦ ਹਸਤੀ ਦੀ ਸਹਿ ਹੋਂਦ ਲਈ ਔਰੰਗਜ਼ੇਬ ਨਾਲ ਟੱਕਰ ਲਈ । ਇਸ ਟੱਕਰ ਦੀ ਚਿਹਨਾਤਮਕ ਸਿਖਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਔਰੰਗਜ਼ੇਬ ਦੀ ਦਖਣ ਵਿਚ ਮੋਤ ਹੈ । ਸਿੱਖ ਪਰੰਪਰਾ ਇਸ ਗਲ ਦੀ ਗਵਾਹ ਹੈ ਕਿ ਇਸ ਮੌਤ ਦਾ ਤਤਕਾਲ ਕਾਰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਡਰ ਬਾਗੀ ਬੋਲਾ ਵਾਲਾ ਉਹ ਵਿਜੈ ਪੱਤਰ ਸੀ ਜਿਸ ਨੂੰ ਅੱਜ ਜਫਰਨਾਮਾ ਨਾਮ ਨਾਲ ਯਾਦ ਕੀਤਾ ਜਾਂਦਾ ਹੈ । ਇਸ ਪੱਤਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਉਸ ਦੇ ਕਿਰਦਾਰ ਆਈਨੇ ਵਿਚ ਵਿਖਾਇਆ ਸੀ ਤੇ ਜਗਤ ਤਮਾਸ਼ੇ ਦੀ ਅਨੇਕਤਾ ਲਈ ਨਿਰੰਤਰ ਲੜਦੇ ਰਹਿਣ ਦਾ ਅਜ਼ਮ ਦੁਹਰਾਇਆ ਸੀ । ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦਲੇਰੀ ਤੇ ਕੁਰਬਾਨੀ ਦਾ ਹੀ ਫਲ ਹੈ ਕਿ ਅੱਜ ਦੇਸ਼ ਵਿਚ ਅਨੇਕਤਾ ਦੇ ਸੁਰ ਸੁਣੀਂਦੇ ਹਨ । ਦੂਜੇ ਲਈ ਥਾਂ ਹੈ । ਮਹਾਂਕਵੀ ਭਾਈ ਸੰਤੋਖ ਸਿੰਘ ਜੀ ਆਪਣੇ ਬੋਲਾਂ ਵਿਚ ਇਸ ਸਚਾਈ ਨੂੰ ਇਉਂ ਪੇਸ਼ ਕਰਦੇ ਹਨ :

''ਛਾਏ ਜਾਤੀ ਏਕਤਾ ਅਨੇਕਤਾ ਬਿਲਾਏ ਜਾਤੀ।
ਹੋਵਤੀ ਕੁਚੀਲਤਾ, ਕਤੇਬਨ ਕੁਰਾਨ ਕੀ ।
ਪਾਪ ਹੀ ਪਰਪਕ ਜਾਤੇ, ਧਰਮ ਧਸਮ ਜਾਤੇ ।
ਵਰਣ ਗਰਕ ਜਾਤੇ, ਸਹਿਤ ਵਿਧਾਨ ਕੀ ।
ਦੇਵੀ ਦੇਵ ਦੇਹੁਰੇ, ਸੰਤੋਖ ਸਿੰਘ ਦੂਰ ਹੋਤੇ ।
ਰੀਤ ਮਿਟ ਜਾਤੀ, ਕਥਾ ਬੇਦਨ ਪੁਰਾਣ ਕੀ ।
ਸ੍ਰੀ ਗੁਰੂ ਗੋਬਿੰਦ ਸਿੰਘ, ਪਾਵਨ ਪਰਮ ਸੂਰ ।
ਮੂਰਤ ਨਾ ਹੋਤੀ ਜਉ ਪੈ ਕਰੁਣਾ ਨਿਧਾਨ ਕੀ ।''

ਗੌਰ ਤਲਬ ਹੈ ਕਿ ਅਨੇਕਤਾ ਦੀ ਇਸ ਸੁਰ ਵਿਚ ਵੇਦ ਪੁਰਾਣਾਂ ਤੇ ਦੇਵੀ ਦੇਵਤੀਆਂ ਦੀ ਗਲ ਮਹਾਂਕਵੀ ਨੇ ਬਾਦ ਵਿਚ ਕੀਤੀ ਹੈ, ਪਹਿਲਾ ਉਸ ਨੇ ਕਤੇਬਾਂ ਤੇ ਪਾਕ-ਕੁਰਾਣ ਦੀ ਕੁਚੀਲਤਾ ਜਾਂ ਬੇਹੁਰਮਤੀ ਨੂੰ ਗੁਰੂ ਸਾਹਿਬ ਵਲੋਂ ਰੋਕੇ ਜਾਣ ਦੀ ਗਲ ਕੀਤੀ ਹੈ । ਉਹ ਕਹਿੰਦਾ ਹੈ ਕਿ ਗੁਰੂ ਸਾਹਿਬ ਦੇ ਉਦਮ ਸੰਘਰਸ਼ ਅਤੇ ਕੁਰਬਾਨੀ ਤੋਂ ਬਿਨਾਂ ਕਤੇਬਾਂ ਤੇ ਕੁਰਾਣ ਦੀ ਸਿਖਿਆ ਵੀ ਅਨਿਆਂਸ਼ੀਲ ਲੋਕਾਂ ਨੇ ਮਿਟੀ ਵਿਚ ਮਿਲਾ ਦੇਣੀ ਸੀ । ਅਨੇਕਤਾ ਦੀ ਸੁਰ ਕਿਤੇ ਨਹੀਂ ਸੀ ਸੁਣਨੀ । ਸਭ ਪਾਸੇ ਇਕੋ ਆਵਾਜ਼ ਹੋਣੀ ਸੀ । ਧਰਮ ਸੱਚ ਤੇ ਨਿਆਂ ਦੀ ਕੇਵਲ ਇਕੋ ਪਰਿਭਾਸ਼ਾ ਜੋ ਸਤਾ ਨੂੰ ਮਨਜ਼ੂਰ ਸੀ । ਇਸ ਨਾਲ ਸਭ ਪਾਸੇ ਪਾਪ ਦਾ ਵਰਤਾਰਾ ਹੁੰਦਾ । ਧਰਮ ਦਾ ਸੱਚਾ ਰੂਪ ਕਿਤੇ ਨਾ ਰਹਿੰਦਾ । ਭਾਰਤ ਦੀ ਸਦੀਆਂ ਤੋਂ ਤੁਰੀ ਆਉਂਦੀ ਵੇਦਾਂ, ਪੁਰਾਣਾ, ਦੇਵੀ-ਦੇਵਤੀਆਂ, ਦਿਹੁਰਿਆਂ, ਮੰਦਰਾਂ ਦੀ ਹਰ ਰੀਤ ਤੇ ਕਥਾ ਕਹਾਣੀ ਖਤਮ ਹੋ ਜਾਣੀ ਸੀ । ਇਸ ਸਾਰੀ ਅਨਿਸ਼ਟਕਾਰੀ ਸਥਿਤੀ ਤੋਂ ਬਚਾਅ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ।

ਸੂਫੀ ਕਵੀ ਬੁਲ੍ਹੇ ਸ਼ਾਹ ਤਾਂ ਇਸ ਨੂੰ ਸਪਸ਼ਟ ਹੀ ਇਕ ਰੰਗੇ ਇਸਲਾਮੀ ਸਾਮਰਾਜ ਦੀ ਸਭ ਤੋਂ ਵੱਡੀ ਰੁਕਾਵਟ ਕਹਿ ਕੇ ਰਤਾ ਉਲਾਰ ਸੁਰ ਇਉਂ ਉਚਾਰਦਾ ਹੈ :

''ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ,
ਬਾਤ ਕਹੂੰ ਜਬ ਕੀ ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁੰਨਤ ਹੋਤੀ ਸਭ ਕੀ ।''

ਦਰਅਸਲ ਮਨੁੱਖ ਨੂੰ ਇੰਜ ਵਲਗਣਾ ਵਿਚ ਵੰਡ ਕੇ ਵੇਖਣ ਦੀ ਸੋਚ ਗੁਰੂ ਗੋਬਿੰਦ ਸਿੰਘ ਜੀ ਨੂੰ ਪ੍ਰਵਾਨ ਹੀ ਨਹੀਂ ਸੀ । ਉਹ ਉਸ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੋਤਿ ਸਨ ਜਿਸ ਨੇ ਵੇਈਂ ਨਦੀ ਵਿਚੋਂ ਨਿਕਲ ਕੇ ਕਿਹਾ ਸੀ, 'ਨਾ ਹਮ ਹਿੰਦੂ ਨਾ ਮੁਸਲਮਾਨ'। ਉਸ ਸ੍ਰੀ ਗੁਰੂ ਨਾਨਕ ਦਾ ਪਹਿਲਾ ਸਿੱਖ

ਰਾਏ ਬੁਲਾਰ ਮੁਸਲਮਾਨ ਸੀ । ਉਸ ਦਾ ਜੀਵਨ ਭਰ ਦਾ ਸਾਥੀ ਮੁਸਲਮਾਨ ਮਰਾਸੀ ਮਰਦਾਨਾ ਸੀ ਜਿਸ ਨੂੰ ਉਹ ਭਾਈ ਆਖ ਕੇ ਬੁਲਾਂਦੇ ਸਨ । ਉਸੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਜੋਤਿ ਸਨ, ਉਹ ਜਿਸ ਨੇ ਸਿਖਾਂ ਦੇ ਸਭ ਤੋਂ ਮੁਕਦਸ ਧਰਮ ਸਥਾਨ ਸ੍ਰੀ ਹਰਿਮੰਦਰ ਸਾਹਿਬ ਜੀ ਨੀਂਹ ਮੁਸਲਮਾਨ ਫਕੀਰ ਮੀਆਂ ਮੀਰ ਤੋਂ ਰਖਵਾਈ ਸੀ ਤੇ ਮੁਸਲਮਾਨ ਸੂਫੀ ਬਾਬਾ ਫਰੀਦ ਜੀ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂਆਂ ਦੇ ਨਾਲ ਰਖ ਕੇ ਅੰਕਿਤ ਕੀਤੀ ਸੀ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਕਾਲਪੁਰਖ ਨੂੰ ਮਜ਼ਹਬਾਂ ਤੋਂ ਉਪਰ ਕਹਿ ਕੇ ਨਮਸਕਾਰ ਕਰਦੇ ਹੋਏ ਆਖਦੇ ਹਨ : 'ਨਮਸਤੰ ਅਧਰਮੰ ।। ਨਮਸਤੰ ਅਮਜਬੇ' ਹੇ ਅਕਾਲਪੁਰਖ ਤੇਰਾ ਕੋਈ ਧਰਮ ਨਹੀਂ । ਮੈਂ ਤੈਨੂੰ ਨਮਸਕਾਰ ਕਰਦਾ ਹਾਂ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਈ ਅਕਾਲ ਪੁਰਖ ਹਰ ਚਿਹਨ ਚਕਰ, ਜਾਤ-ਪਾਤ, ਨਾਮ ਤੋਂ ਮੁਕਤ ਹੈ । ਉਸ ਨੂੰ ਕਿਸੇ ਵੀ ਨਾਮ ਨਾਲ ਯਾਦ ਕੀਤਾ ਜਾ ਸਕਦਾ ਹੈ :

''ਚੱਕ੍ਰ ਚਿਹਨ ਅਰੁ ਬਰਨ
ਜਾਤਿ ਅਰੁ ਪਾਤਿ ਨਹਿਨ ਜਿਹ ।।
ਰੂਪ ਰੰਗ ਅਰੁ ਰੇਖ ਭੇਖ
ਕੋਊ ਕਹਿ ਨ ਸਕਤ ਕਿਹ ।।
ਅਚਲ ਮੂਰਤ ਅਨਭਉ ਪ੍ਰਕਾਸ
ਅਮਿਤੋਜ ਕਹਿਜੈ ।।
ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਨ ਗਣਿਜੈ ।।
ਤ੍ਰਿਭਵਨ ਮਹੀਪ ਸੁਰ ਨਰ ਅਸੁਰ
ਨੇਤ ਨੇਤ ਬਣ ਤ੍ਰਿਣ ਕਹਤ ।।
ਤਵ ਸਰਬ ਨਾਮ ਕਥੈ ਕਵਨ ।।
ਕਰਮ ਨਾਮ ਬਰਨਤ ਸੁਮਤਿ ।।''

ਗੁਰੂ ਸਾਹਿਬ ਦਾ ਵਿਰੋਧ ਹਿੰਦੂ ਜਾਂ ਮੁਸਲਮਾਨ ਨਾਲ ਨਹੀਂ ਸੀ । ਅਜੇਹਾਂ ਹੁੰਦਾ ਤਾਂ ਉਹ ਜਦੋਂ ਦਿੱਲੀ ਦੇ ਸ਼ਹਿਨਸ਼ਾਹ ਔਰੰਗਜ਼ੇਬ ਜਾਂ ਸਰਹਿੰਦ ਦੇ ਸੂਬੇਦਾਰ ਵਜ਼ੀਦ ਖਾਨ ਨਾਲ ਹੀ ਲੜਦੇ । ਭੰਗਾਣੀ ਦੇ ਰਾਜਾ ਭੀਮ ਚੰਦ ਅਤੇ ਹੋਰ ਪਹਾੜੀ ਰਾਜਿਆਂ ਨਾਲ ਟੱਕਰ ਨਾ ਲੈਂਦੇ । ਉਨ੍ਹਾਂ ਦੇ ਸੰਗੀਆਂ ਸਾਥੀਆਂ ਵਿਚ ਕੇਵਲ ਹਿੰਦੂ ਸਿੱਖ ਹੁੰਦੇ, ਬੁਧੂ ਸ਼ਾਹ ਜਹੇ ਪੀਰ ਨਾ ਹੁੰਦੇ ਜਿਨ੍ਹਾਂ ਆਪਣੇ ਭਰਾਵਾਂ ਤੇ ਪੁੱਤਰਾਂ ਦੀ ਬਲੀ ਗੁਰੂ ਸਾਹਿਬ ਦੇ ਸਾਥੀ ਵਜੋਂ ਲੜ ਕੇ ਦਿੱਤੀ । ਗਨੀ ਖਾਂ ਤੇ ਨਬੀ ਖਾਂ ਜਹੇ ਮੁਸਲਮਾਨ ਸ਼ਾਹੀ ਫੌਜ ਦੇ ਘੇਰੇ ਤੇ ਅਤਾਬ ਦੇ ਬਾਵਜੂਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਉਚ ਦਾ ਪੀਰ ਕਹਿ ਕੇ ਨਾ ਆਪਣਾਂਦੇ । ਯੁਧ ਦੇ ਮੈਦਾਨ ਵਿਚ ਲੜਦੇ ਸਮੇਂ ਵੀ ਜ਼ਖਮੀਆਂ ਦੀ ਮਰਹਮ ਪਟੀ ਤੇ ਸੇਵਾ ਸੰਭਾਲ ਸਮੇਂ ਉਹ ਜਾਂ ਉਨ੍ਹਾਂ ਦੇ ਸਾਥੀ ਹਿੰਦੂ ਮੁਸਲਮਾਨ ਦਾ ਵਿਤਕਰਾ ਕਦੇ ਨਹੀਂ ਸਨ ਕਰਦੇ । ਭਾਈ ਘੱਨਈਆਂ ਨੂੰ ਉਨ੍ਹਾਂ ਬਿਨਾਂ ਮਜ਼ਹਬੀ ਵਿਤਕਰੇ ਦੇ ਹਰ ਇੱਕ ਦੀ ਸੇਵਾ ਸੰਭਾਲ ਦੇ ਆਦੇਸ਼ ਦਿੱਤੇ ਸਨ ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਸਾਜਨਾ ਬਿਨਾ ਭੇਦ ਭਾਵ ਦੇ ਸਾਰੇ ਮਨੁੱਖੀ ਭਾਈਚਾਰੇ ਦੇ ਹਕਾਂ ਹਿਤਾਂ ਦੀ ਰਾਖੀ ਲਈ ਕੀਤੀ ਸੀ । ਅਤੇ ਇਸ ਨੂੰ ਅਕਾਲ ਪੁਰਖ ਦੀ ਫੌਜ ਦੇ ਰੂਪ ਵਿਚ ਚਿਤਵਿਆ ਸੀ । ਸਰਬ ਲੋਹ ਗ੍ਰੰਥ ਇਸ ਤਥ ਨੂੰ ਇਉਂ ਚੇਤੇ ਕਰਦਾ ਹੈ :

''ਖਾਲਸਾ ਅਕਾਲ ਪੁਰਖ ਕੀ ਫੌਜ ।।
ਪ੍ਰਗਟਯੋ ਖਾਲਸਾ ਪਰਮਾਤਮ ਕੀ ਮੌਜ ।।''

ਇਸ ਫੌਜ ਦੇ ਮਾਲਕ ਕੇਵਲ ਸਿੱਖ ਨਹੀਂ । ਇਸ ਉਤੇ ਹਰ ਦੀਨ ਦੁਖੀ ਦਾ ਹਕ ਹੈ ਕਿਉਂਕਿ ਇਸ ਦਾ ਮਾਲਕ ਵਾਹਿਗੁਰੂ ਆਪ ਹੈ । ਇਸ ਦੀ ਫਤਹਿ ਵੀ ਇਸੇ ਲਈ ਨਿਸ਼ਚਿਤ ਹੈ ਕਿ ਇਸ ਦਾ ਮਾਲਕ ਵਾਹਿਗੁਰੂ

ਹੈ । ਇਹੀ ਅਟਲ ਸਚਾਈ ਸਿਖਾਂ ਦੇ ਪਰੰਪਰਾਗਤ ਅਭਿਵਾਦਨ ਵਿਚ ਨਿਤ ਦੁਹਰਾਈ ਜਾਂਦੀ ਹੈ : ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਕਾ ਫਤਹਿ ।। ਵਿਸ਼ਵ ਵਿਚ ਕੀਤੇ ਵੀ ਅਨਿਆਂ, ਜਬਰ, ਜ਼ੁਲਮ ਹੋ ਰਿਹਾ ਹੋਵੇ, ਬਿਨਾਂ ਕਿਸੇ ਭਿੰਨ ਭੇਦ ਦੇ ਖਾਲਸੇ ਤੋਂ ਉਸ ਵਿਚ ਹਕ ਸਚ ਲਈ ਅਵਾਜ਼ ਉਠਾਣ ਹੀ ਨਹੀਂ, ਹਰ ਪ੍ਰਕਾਰ ਦੇ ਸੰਘਰਸ਼ ਦੀ ਤਵਕੋ ਕੀਤੀ ਜਾਂਦੀ ਹੈ ।

ਚੇਤੇ ਰਹੇ ਕਿ ਗੁਰੂ ਸਾਹਿਬ ਨੇ ਅਕਾਲਪੁਰਖ ਦੀ ਇਹ ਨਿਡਰ ਨਿਰਭੈ ਫੌਜ, ਸਿਖਿਅਤ ਜਾਂ ਪਰੰਪਰਾਗਤ ਲੜਾਕੂ ਕਬੀਲਿਆਂ ਵਿਚੋਂ ਨਹੀਂ ਸੀ ਸਿਰਜੀ । ਉਨ੍ਹਾਂ ਸਦੀਆਂ ਦੇ ਗੁਲਾਮ ਨੀਵੇਂ ਲਤਾੜੇ ਸਵੈਮਾਣ ਗਵਾ ਚੁਕੇ ਸਾਧਾਰਨ ਲੋਕਾਂ ਨੂੰ ਇਸ ਸੱਚੇ ਸੁੱਚੇ ਆਦਰਸ਼ ਲਈ ਲਾਮ ਬਧ ਕੀਤਾ ਸੀ । ਕੇਵਲ ਨਾਮ ੱਧਿ ਹੀ ਨਹੀਂ ਕੀਤਾ ਸੀ, ਉਨ੍ਹਾਂ ਅੰਦਰ ਸ਼ਸਤਰ ਚੁਕਣ ਤੇ ਮੈਦਾਨੇ ਜੰਗ ਵਿਚ ਕੁਦਣ ਦਾ ਜ਼ਜਬਾ ਪੈਦਾ ਕੀਤਾ ਸੀ । ਉਹ ਲੋਕ ਜਿਨ੍ਹਾਂ ਕਦੇ ਨੰਗੀ ਕਰਦ ਵੀ ਨਹੀਂ ਸੀ ਫੜੀ ਤੇ ਜੋ ਰਤਾ ਕੁ ਗਲ ਤੇ ਡਰ ਜਾਂਦੇ ਸਨ, ਉਨ੍ਹਾਂ ਨੂੰ ਕਿਰਪਾਨ ਫੜਣ ਦਾ ਹੌਸਲਾਂ ਹੀ ਨਹੀਂ ਜੋਸ਼ ਵੀ ਦਿੱਤਾ ਸੀ । ਕੋਈ ਸਮਾਂ ਸੀ ਜਦੋਂ ਇਹ ਨੀਵੇਂ ਲਤਾੜਾਂ ਲੋਕ ਕਹਿੰਦੇ ਸਨ:

''ਕਾਮ ਹਮਾਰਾ ਤੋਲਣ ਤਕੜੀ ।
ਨੰਗੀ ਕਰਦ ਕਭੀ ਨਾ ਪਕੜੀ ।
ਚਿੜੀ ਉੜੇ ਡਰ ਸੇ ਮਰ ਜਾਏ ।
ਮੁਗਲੋਂ ਸੇ ਕੈਸੇ ਲੜ ਪਾਏ ।''

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਦੇ ਬੋਲ ਹੀ ਐਸੇ ਖੜਕਵੇਂ ਸਨ ਕਿ ਪੜ੍ਹਣ ਸੁਣਨਵਾਲੇ ਦਾ ਦਿਲ ਵਿਸ਼ਵਾਸ ਤੇ ਜੋਸ਼ ਨਾਲ ਭਰ ਜਾਂਦਾ । ਸ਼ਬਦਾਂ ਦੀ ਜੜਤ ਐਸੀ ਕੀਤੀ ਕਿ ਉਚਾਰਣ ਵਿਚ ਤਲਵਾਰਾਂ ਦਾ ਟਕਰਾਅ ਗੂੰਜਦਾ ਜਰਾ ਵੇਖੋ :

''ਖਗ ਖੰਡ ਬਿਹੰਡੰ ਖਲਦਲ ਖੰਡੰ
ਅਤਿ ਰਣ ਮੰਡੰ ਬਰਬੰਡੰ ।।
ਭੁਜ ਦੰਡ ਅਖੰਡੰ ਤੇਜ ਪ੍ਰਚੰਡੰ
ਜੋਤਿ ਅਮੰਡੰ ਭਾਨੁ ਪ੍ਰਭੰ ।।
ਸੁਖ ਸੰਤਾ ਕਰਣੰ ਦੁਰਮਤਿ ਦਰਣੰ
ਕਿਲਬਿਖ ਹਰਣੰ ਅਸਿ ਸਰਣੰ ।।
ਜੈ ਜੈ ਜਗ ਕਾਰਣ ਸ੍ਰਿਸਟਿ ਉਬਾਰਣ
ਮਮ ਪ੍ਰਤਿਪਾਰਣ ਜੈ ਤੇਗੰ ।।''

ਨੀਵੇਂ ਨਿਤਾਣੇ ਤੇ ਸਦੀਆਂ ਦੇ ਗੁਲਾਮ ਲੋਕਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵਕਤ ਦੇ ਹਾਕਮਾਂ ਨਾਲ ਅਖ ਮਿਲਾ ਕੇ ਗਲ ਕਰਨਾ ਸਿਖਾਇਆ । ਉਨ੍ਹਾਂ ਦੀ ਪਾਤਸ਼ਾਹੀ ਨੂੰ ਝੂਠੀ ਅਤੇ ਵਕਤੀ ਕਹਿ ਕੇ ਵੰਗਾਰਿਆ ਅਤੇ ਬਕੌਲ ਰਤਨ ਸਿੰਘ ਭੰਗੂ ਕਰਤਾ ਪੰਥ ਪ੍ਰਕਾਸ਼ ਇਉਂ ਕਿਹਾ :

''ਇਨ ਗਰੀਬ ਸਿਖਨ ਕੋ ਦਯੈਂ ਪਾਤਸ਼ਾਹੀ
ਯਹ ਯਾਦ ਰਖੈਂ ਹਮਰੀ ਗੁਰਿਆਈ ।।''

ਇਨ੍ਹਾਂ ਲੋਕਾਂ ਵਿਚ ਇਹ ਜੋਸ਼ ਜਾਗਿਆ ਕਿ ਇਹ ਗੁਰਮਤਿ ਦੇ ਇਸ ਨਾਅਰੇ ਨੂੰ ਨਿਡਰ ਹੋ ਕੇ ਉਚਾਰਣ ਲਗੇ :

''ਤਖਤਿ ਰਾਜਾ ਸੋ ਬਹੈ ਜਿ
ਤਖ਼ਤੈ ਲਾਇਕ ਹੋਈ ।।''

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨਿਤਾਣਿਆਂ ਵਿਚ ਐਸਾ ਵਿਸ਼ਵਾਸ ਭਰਿਆ ਕਿ ਇਹ ਲੋਕ ਕੁਝ ਹੀ ਸਮੇਂ ਪਿਛੋਂ ਸ਼ਕਤੀ ਸ਼ਾਲੀ ਹਕੂਮਤ ਲਈ ਸਿਰਦਰਦੀ ਬਣ ਗਏ । ਉਨ੍ਹਾਂ ਜੰਗਲਾਂ ਵਿਚ ਦਿਨ ਕਟੀ ਕਰਨ ਵਾਲੇ ਇਨ੍ਹਾਂ ਲੋਕਾ ਕੋਲ ਹਕੂਮਤ ਨੇ ਆਪ ਨਵਾਬੀ ਦੀ ਪੇਸ਼ਕਸ਼ ਕੀਤੀ । ਇਤਿਹਾਸ ਇਸ ਦਾ ਗਵਾਹ ਹੈ ਕਿ ਇਨ੍ਹਾਂ ਦਾ ਇਸ ਪੇਸ਼ਕਸ਼ ਉਤੇ ਪਹਿਲਾ ਪ੍ਰਤਿਕਰਮ ਇਹ ਸੀ ਕਿ ਅਸੀਂ ਨਵਾਬੀ ਕੀ ਕਰਨੀ ਹੈ । ਸਾਡਾ

ਦਾਅਵਾਂ ਤਾਂ ਪਾਤਸ਼ਾਹੀ ਦਾ ਹੈ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤਿ ਸਮਾਣ ਤੋਂ ਸਿਰਫ ਪੰਝੀ ਸਾਲ ਪਿਛੋਂ ੧੭੩੩ ਵਿਚ ਝਬਾਲ ਕੰਗਨਪੁਰ ਤੇ ਦੀਪਾਲਪੁਰ ਦੀ ਨਵਾਬੀ ਦੀ ਪੇਸ਼ਕਸ਼ ਹੋਣ ਉਤੇ ਸਿਖਾਂ ਦੇ ਉਸ ਸਮੇਂ ਦੇ ਜਥੇਦਾਰ ਦਰਬਾਰਾ ਸਿੰਘ ਨੇ ਜੋ ਕਿਹਾ, ਉਸ ਨੂੰ ਰਤਨ ਸਿੰਘ ਭੰਗੂ ਕਰਤਾ ਪ੍ਰਾਚੀਨ ਪੰਥ ਪ੍ਰਕਾਸ਼ ਇਉਂ ਦਸਦਾ ਹੈ :

''ਦਰਬਾਰਾ ਸਿੰਘ ਅਗਯੋ ਕਹੀ ।
ਅਸੀਂ ਨਬਾਬੀ ਕਦ ਚਹੈਂ ਲਹੀ ।।
ਹਮ ਰਾਖਤ ਪਾਤਸਾਹੀ ਦਾਵਾ
ਜਾਂ ਇਤ ਕੋ ਜਾਂ ਅਗਲੋ ਪਾਵਾ ।
ਧਰੂ ਵਿਧਰਤ ਅਰ ਧਵਲ ਡੁਲਾਇ ।
ਸਤਿਗੁਰ ਬਚਨ ਨਾ ਖਾਲੀ ਜਾਇ ।
ਪਾਤਸ਼ਾਹੀ ਛਡ ਕਿਸ ਲਹੈਂ ਨਬਾਬੀ ।
ਪਰਾਧੀਨ ਜਿਹ ਮਾਂਹਿ ਖਰਾਬੀ ।''

ਇਹ ਮਨੁੱਖ ਦੀ ਸੁਤੰਤਰ ਹੋਂਦ ਦਾ ਐਲਾਨਨਾਮਾ ਸੀ । ਨਾ ਕਿਸੇ ਨੂੰ ਭੈ ਦੇਣਾ ਨਾ ਮੰਨਣਾ । ਐਸੇ ਪ੍ਰਬੰਧ ਦੀ ਸਥਾਪਤੀ ਦਾ ਸੁਪਨਾ ਜਿਸ ਵਿਚ ਕੋਈ ਕਿਸੇ ਉਤੇ ਜਬਰ ਨਾ ਕਰੇ ਅਤੇ ਸਭ ਸੁਖ ਨਾਲ ਵਸਣ ।

''ਹੁਣ ਹੁਕਮ ਹੋਆ ਮਿਹਰਵਾਨ ਦਾ ।
ਪੈ ਕੋਇ ਨ ਕਿਸੈ ਰਵਾਣਦਾ ।
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜ ਜੀਉ ।''

ਅਜੇਹਾ ਭਾਈਚਾਰਾ ਜਿਸ ਦਾ ਉਦੇਸ਼ ਤੇ ਸੇਧ ਸਭੈ ਸਾਂਝੀਵਾਲਤਾ ਸਦਾਇਣ ਹੋਵੇ ਉਸ ਦੀ ਸਿਰਜਨਾ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਅੰਤਿਮ ਉਦੇਸ਼ ਸੀ । ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਪ੍ਰਾਜੈਕਟ ਦੀ ਸਿਖਰ ਸੀ ਜਿਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੂਰਨਤਾ ਦਿੱਤੀ ।

ਗੁਰੂ ਜੀ ਨੇ ਅਸਾਧਰਨ ਤੇ ਵਿਰੋਧੀ ਪਰਿਸਥਿਤੀਆਂ ਵਿਚ ਮਨੁੱਖੀ ਭਾਈਚਾਰੇ ਦੇ ਇਸ ਸੁਪਨੇ ਦੀ ਤਕਮੀਲ ਕੀਤੀ, ਸਾਜ਼ਗਾਰ ਹਾਲਤ ਵਿਚ ਤਾਂ ਸਾਧਾਰਨ ਲੋਕ ਵੀ ਬੜਾ ਕੁਝ ਕਰ ਲੈਂਦੇ ਹਨ, ਪਰ ਜਦੋਂ ਸਭ ਕੁਝ ਹੀ ਬੰਦੇ ਦੇ ਖਿਲਾਫ ਹੋਵੇ, ਉਦੋਂ ਉਹ ਕੁਝ ਕਰ ਦਿਖਾਣਾ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਉਸ ਦੀ ਕਲਪਨਾ ਕਰਨੀ ਵੀ ਕਠਿਨ ਹੈ । ਕਿਸੇ ਸ਼ਾਇਰ ਨੇ ਸੱਚ ਹੀ ਕਿਹਾ ਹੈ :

''ਬਹਾਰ ਮੇਂ ਮੱਟੀ ਭੀ ਉਗਲ ਦੇਤੀ ਹੈ ਫੂਲ,
ਮਰਦ ਹੈ ਤੋ ਖਿਜ਼ਾਂ ਮੇਂ ਬਹਾਰ ਪੈਦਾ ਕਰ।''

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਚਮੁੱਚ ਹੀ ਉਜਾੜ ਅਤੇ ਪਤਝੜ ਵਿਚੋਂ ਫੂਲ ਖਿਲਾਏ । ਇਹੋ ਜੇਹੀ ਬੇਮਿਸਾਲ ਪ੍ਰਤਿਭਾ ਵਾਲੇ ਰਹਿਬਰ ਦਾ ਬਿਆਨ ਸ਼ਬਦਾਂ ਦੇ ਵਸ ਨਹੀਂ । ਹੁਸਨ ਉਹ ਹੁੰਦਾ ਹੈ ਜਿਸ ਦੀ ਤਾਰੀਫ ਸੌਕਣ ਵੀ ਕਰੇ । ਪ੍ਰਤਿਭਾ ਉਹ, ਗੁਣ ਉਹ, ਪ੍ਰਾਪਤੀ ਉਹ ਹੈ ਜਿਸ ਦੀ ਪ੍ਰਸ਼ੰਸਾ ਆਪਣੇ ਹੀ ਨਹੀਂ, ਬਿਗਾਨੇ ਵੀ ਕਰਨ। ਇਸ ਲਈ ਆਪਣੀ ਗੱਲ ਜੋਗੀ ਅਲਾਯਾਰ ਖਾਂ ਦੇ ਬੋਲ ਨਾਲ ਸਮਾਪਤ ਕਰਨੀ ਚਾਹੁੰਦਾ ਹਾਂ :

''ਇਨਸਾਫ ਕਰੇ ਜੀ ਮੇਂ ਜ਼ਮਾਨਾ ਤੋ ਯਕੀ ਹੈ ।
ਕਹਿਦੇਂ ਗੁਰੂ ਗੋਬਿੰਦ ਕਾ
ਸਾਨੀ ਹੀ ਨਹੀਂ ਹੈ ।
ਹਰਚੰਦ ਮੇਰੇ ਹਾਥ ਮੇਂ ਪੁਰਜ਼ੋਰ ਕਲਮ ਹੈ ।
ਸਤਿਗੁਰ ਕੇ ਲਿਖੂੰ ਵਸਫ ਕਯਾ,
ਕਹਾਂ ਤਾਬਿ-ਰਕਮ ਹੈ ।''

# ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥

-ਡਾ. ਸੋਨਦੀਪ ਕੌਰ ਮੋਂਗਾ

ਬ੍ਰਹਿਮੰਡੀ ਚੇਤਨਾ ਦੇ ਵਿਸਥਾਰ ਵਿਚ, ਇਹ ਮਹਾਵਾਕ ਇੱਕ ਅਧਿਆਤਮਿਕ ਜੁਗਤੀ ਪੇਸ਼ ਕਰ ਰਿਹਾ ਹੈ । ਸੰਸਾਰ, ਪਦਾਰਥ, ਨਿਰਲੇਪ ਸੁਰਤੀ ਗਿਆਨ, ਇਸ ਰਹੱਸ ਦੀ ਸੀਮਾ ਨਹੀਂ ਹਨ, ਸਗੋਂ ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਸਮਾਦੀ ਬ੍ਰਹਿਮੰਡ ਦਾ ਦਘਦਾ ਮਘਦਾ ਰਹੱਸ ਹੈ । ਇਥੇ ਨਾਦ ਬਿਨੋਦ ਕੋਡ ਅਨੰਦ ਦੀ ਅਵਸਥਾ ਹੀ ਕਰਣ ਕਾਰਣ ਸਮਰਥ ਹੈ ਅਤੇ ਇਹ ਸਮਰਥਾ ਪ੍ਰਦਾਨ ਕਰਨ ਵਾਲਾ ਸਮਰਥ ਗੁਰੂ ਹੈ । ਜੋ ਨਾਮ ਪਦਾਰਥ ਦੀ ਲੋੜ ਸਮਝਾਉਂਦਾ ਹੈ ਅਤੇ ਹੁਕਮ ਦੀ ਮਿੱਠਤਾ ਵਰਗਾ ਹੱਲ ਪੇਸ਼ ਕਰਦਾ ਹੈ, ਜਿਸ ਦੇ ਨਿਤ ਦਿਨ ਅਭਿਆਸ ਨਾਲ ਮਨੁੱਖ ਆਪ ਅਤੇ ਸੰਗੀ ਸਾਥੀਆਂ (ਗਿਆਨ ਇੰਦਰੀਆਂ) ਨੂੰ ਤਾਰਨ ਦੀ ਯੋਗਤਾ ਪਾ ਲੈਂਦਾ ਹੈ ।

ਇਸ ਉਕਤੀ ਦੇ ਸ਼ਾਬਦਿਕ ਅਰਥਾਂ ਨੂੰ ਵਾਚੀਏ ਤਾਂ ਗੁਰੂ ਸ਼ਬਦ ਤੋਂ ਭਾਵ ਪਰਮਾਤਮ ਗਿਆਨ ਪ੍ਰਦਾਨ ਕਰਨ ਵਾਲਾ ਹੈ । ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ 'ਗੁਰੂ ਸ਼ਬਦ ਗ੍ਰੀ ਧਾਤੂ ਤੋਂ ਬਣਿਆ ਹੈ, ਇਸ ਦੇ ਅਰਥ ਹਨ ਨਿਗਲਣਾ ਅਤੇ ਸਮਝਾਉਣਾ ਜੋ ਅਗਿਆਨ ਨੂੰ ਖਾ ਜਾਂਦਾ ਹੈ ਅਤੇ ਸਿੱਖ ਨੂੰ ਤਤੱਵਗਯਨ ਸਮਝਾਉਂਦਾ ਹੈ, ਉਹ ਗੁਰੂ ਹੈ । ਗੁਰਬਾਣੀ ਵਿਚ ਗੁਰ, ਗੁਰੁ ਅਤੇ ਗੁਰੂ ਸ਼ਬਦ ਇਕ ਹੀ ਅਰਥ ਵਿਚ ਆਏ ਹਨ । ਗਿ. ਊਧਮ ਸਿੰਘ ਗੁਰੂ ਸ਼ਬਦ ਨੂੰ ਵੈਦਿਕ ਦ੍ਰਿਸ਼ਟੀਕੋਣ ਤੋਂ ਪਰਿਭਾਸ਼ਿਤ ਕਰਦੇ ਹਨ ਕਿ 'ਗੁਰੂ ਸ਼ਬਦ ਸੰਸਕ੍ਰਿਤ ਦਾ ਹੈ, ਜਿਸ ਦੇ ਅਰਥ ਹਨ 'ਅੰਧੇਰੇ ਵਿਚ ਪ੍ਰਕਾਸ਼ ਕਰਨ ਵਾਲਾ । ਇਸ ਦੀ ਤਾਰੀਫ ਵੇਦਾਂ ਵਿਚ ਇਉਂ ਕੀਤੀ ਗਈ ਹੈ 'ਵਾ ਗੁ ਸ਼ਬਦ ਹੀ ਸਮੰਗਿਯਮ ਤਮ ਨਿਰੋਧਕ ਵਾਚਕਹ ॥ ਤਮ ਨਿਰੰਧਕ ਰੂ ਸ਼ਬਦੋ ਗੁਰੋ ਰੇ ਤਦੀ ਲਖਸ਼ਣ ॥' ਭਾਵ ਗੁ ਸ਼ਬਦ ਦਾ ਅਰਥ ਅੰਧੇਰਾ, ਰੂ ਦਾ ਪ੍ਰਕਾਸ਼ (ਰੋਸ਼ਨੀ) ਹੈ । ਜਿਸ ਵਿਅਕਤੀ ਵਿਚ ਅਗਿਆਨ ਰੂਪੀ ਅੰਧੇਰੇ ਨੂੰ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰਨ ਦਾ ਲਖਸ਼ਣ ਮੌਜੂਦ ਹੋਵੇ, ਉਸ ਦਾ ਨਾਮ 'ਗੁਰੂ' ਹੈ । ਡਾ. ਜੋਧ ਸਿੰਘ ਸਿੱਖ ਧਾਰਮਿਕ ਸੰਦਰਭ ਵਿਚ ਗੁਰੂ ਸ਼ਬਦ ਨੂੰ ਸਪਸ਼ਟ ਕਰਦੇ ਲਿਖਦੇ ਹਨ ਕਿ 'ਗੁਰੂ ਪਦਾ ਉਹ ਅਰਥ ਨਹੀਂ ਜਿਸ ਨੂੰ ਸਿੱਖੀ ਤੋਂ ਪਹਿਲੇ ਆਮ ਹਿੰਦੂ ਵਰਤਦੇ ਸਨ । ਹਰ ਇੱਕ ਹਿੰਦੂ ਆਪਣੀ ਆਤਮਕ ਉਨੱਤੀ ਲਈ ਕਿਸੇ ਭਲੇ ਪੁਰਖ ਨੂੰ ਗੁਰੂ ਧਾਰਦਾ ਸੀ......ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕੋਈ ਮਨੁੱਖ ਗੁਰੂ ਨਹੀਂ ਸੀ............ਸਿੱਖ ਦਾ ਮੇਲ ਗੁਰੂ ਨਾਲ ਸ਼ਬਦ ਦੁਆਰਾ ਹੀ ਹੈ ।'' ਇਸ ਤੁਕ ਅਨੁਸਾਰ ਅਸੀਂ ਗੁਰੂ ਸ਼ਬਦ ਦਾ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈ ਸਕਦੇ ਹਾਂ ਜਿਸ ਨੂੰ ਕਿ ਸ਼ਬਦ ਗੁਰੂ ਅਤੇ ਸਤਿਗੁਰੂ ਦੇ ਤੌਰ ਤੇ ਸਤਿਕਾਰਤ ਭਾਵਨਾ ਸਹਿਤ ਸਭ ਸਿੱਖਾਂ ਨੇ ਪੰਥਕ ਗੁਰੂ ਮੰਨਿਆ ਅਤੇ ਦਸਮ ਪਾਤਿਸ਼ਾਹ ਦੇ ਹੁਕਮ ਵਜੋਂ ਸਵੀਕਾਰਿਆ ਹੈ । ਫੁਰਮਾਨ ਹੈ :

''ਆਗਿਆ ਭਈ ਅਕਾਲ ਕੀ  
ਤਬੈ ਚਲਾਇਓ ਪੰਥ ॥

ਮ. ਨੰ: ੧੧੬, ਮੁਹਲਾ ਭੈਰਾ ਸਾਹਿਬ,  
ਆਨੰਦਪੁਰ ਸਾਹਿਬ, ਪੰਜਾਬ ।

ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨਿਓ ਗ੍ਰੰਥ ।।
ਗੁਰੂ ਗ੍ਰੰਥ ਜੀ ਮਾਨਿਓ
ਪਰਗਟ ਗੁਰਾਂ ਕੀ ਦੇਹ ।।
ਜੋ ਪ੍ਰਭਿ ਕੋ ਮਿਲਬੋ ਚਹੈ
ਖੋਜ ਸ਼ਬਦ ਮਹਿ ਲਹੈ ।।''

ਇਸ ਤਰ੍ਹਾਂ ਹਰ ਸਿੱਖ ਦੀ ਨਿੱਤ ਅਰਦਾਸ ਵਿਚ ਦਸਾਂ ਪਾਤਿਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਦਰਸ਼ਨ ਦੀਦਾਰੇ ਲਾਜ਼ਮੀ ਬਣ ਗਏ । ਗ੍ਰੰਥ ਸ਼ਬਦ ਦੀ ਪਰਿਭਾਸ਼ਾ ਲਈ ਜਾਵੇ ਤਾਂ ਉਹ ਸੰਕਲਨ ਜਿਸ ਵਿਚ ਪ੍ਰਭੂ ਪ੍ਰਾਪਤੀ ਦੇ ਉਪਦੇਸ਼ਾਂ ਅਤੇ ਆਤਮਿਕ ਗਿਆਨ ਦੀਆਂ ਸੋਧਾਂ ਨੂੰ ਤਰਤੀਬ ਦਿੱਤੀ ਗਈ ਹੋਵੇ । ਬਾਕੀ ਧਰਮਾਂ ਦੇ ਗ੍ਰੰਥਾਂ ਨਾਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਤਰ ਇਹ ਹੈ ਕਿ ਇਹ ਰੱਬੀ ਬਾਣੀ ਸਾਡੇ ਕੋਲ ਸ਼ੁਧ ਰੂਪ ਵਿਚ ਉਪਲੱਬਧ ਹੈ, ਜੋ ਕਿ ਪ੍ਰਗਟ ਜੋਤਿ ਦੀ ਨਿਆਂਈ ਦੇਹ ਸਰੂਪ ਮੰਨੀ ਗਈ ਹੈ । ਸਿੱਖ ਵਿਸ਼ਵਾਸ ਅਨੁਸਾਰ ਇਸੇ ਗੁਰੂ ਦੀ ਸ਼ਰਣ ਪਰਮਾਤਮਾ ਰਾਹ ਦੀ ਅਗਵਾਨੀ ਬਣਦੀ ਹੈ। ਗੁਰੂ ਕਥਨ ਵੀ ਹੈ :

''ਬਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ।।
ਗੁਰੁਬਾਣੀ ਕਹੈ ਸੇਵਕੁ ਜਨੁ
ਮਾਨੈ ਪਰਤਖਿ ਗੁਰੂ ਨਿਸਤਾਰੇ ।।''

(ਪੰਨਾ ੯੮੨)

ਮੇਰੈ ਸ਼ਬਦ ਤੋਂ ਭਾਵ ਇਥੇ ਉਸ ਸਦੈ ਚੇਤਨਾ ਤੋਂ ਹੈ, ਜੋ ਕਿ ਬ੍ਰਹਮਗਿਆਨ ਦੀ ਆਸ ਵਿਚ ਵਿਚਰ ਰਹੀ ਹੈ । ਸਿੱਖ ਵਿਸ਼ਵਾਸ ਅਨੁਸਾਰ ਇਹ ਮਾਨਵੀ ਸ਼ਖ਼ਸੀ ਗੁਣ ਹੈ, ਜਿਸ ਨੂੰ ਗਿਆਨਯੁਕਤ ਦ੍ਰਿੜ ਅੰਤਰਮੁਖਤਾ ਵਜੋਂ ਵਰਣਿਤ ਕੀਤਾ ਜਾ ਸਕਦਾ ਹੈ, ਜੋ ਸੰਸਾਰੀ ਬਾਹਰ ਮੁਖਤਾ ਵਿਚ ਗੁਆਚਦੀ ਨਹੀਂ, ਪਾਰਬ੍ਰਹਮ ਨੂੰ ਧਿਆਨ ਵਿਚ ਰਖਦੀ ਹੈ ।

ਸਦਾ ਹੈ ਸ਼ਬਦਾਂ ਨੂੰ ਘੋਖਿਏ ਤਾਂ ਉਹ ਅਬਿਨਸਣਚਾਰ ਹੈ ਜਿਵੇਂ ਕਿ ਗੁਰਬਾਣੀ ਵਿਚ ਦਰਜ ਹੈ :

''ਸਤਿਗੁਰੁ ਮੇਰਾ ਸਦਾ ਸਦਾ
ਨ ਆਵੈ ਨ ਜਾਇ ।।
ਓਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ ।।''

(ਪੰਨਾ ੭੫੯)

ਸੰਗ ਅਤੇ ਨਾਲੇ ਸ਼ਬਦਾਂ ਨੂੰ ਲਈਏ ਤਾਂ ਇਨ੍ਹਾਂ ਵਿਚ ਵਿਸਮਾਦੀ ਭੇਦ ਲੁਕਿਆ ਹੋਇਆ ਹੈ ਕਿ ਪਾਰਬ੍ਰਹਮ ਅਤੇ ਜੀਵ ਵਿਚਕਾਰ ਸ਼ਬਦ ਸ਼ਕਤੀ ਹੈ, ਜੋ ਦੋਨਾਂ ਨੂੰ ਜੋੜਨ ਦੇ ਸਮਰਥ ਹੈ । ਸ਼ਬਦ ਬ੍ਰਹਮ ਸ਼ਕਤੀ ਹੋਣ ਕਰਕੇ ਗਿਆਨ ਹੈ, ਜਿਸ ਦੁਆਰਾ ਇਹ ਮੇਲ, ਸੰਗ ਸੁਨਿਸ਼ਚਤ ਕੀਤਾ ਜਾ ਸਕਦਾ ਹੈ। ਜਿਵੇਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਕਥਨ ਹੈ :

''ਜੀਆ ਅੰਦਰਿ ਜੀਉ ਸ਼ਬਦੁ ਹੈ
ਜਿਤ ਸਹ ਮੇਲਾਵਾ ਹੋਇ ।।''

ਡਾ. ਗੁਰਭਗਤ ਸਿੰਘ ਇਸ ਸੰਗ ਨੂੰ ਸਪਸ਼ਟ ਕਰਦਿਆਂ ਆਪਣੇ ਵਿਚਾਰ ਪ੍ਰਗਟਾਉਂਦੇ ਹਨ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਤੁਲਿਤ ਸਹਜ-ਜੀਵਨ, ਅਰੂਪ ਅਤੇ ਬਹੁ ਮੁਖੀ ਸਿਰਜਣਾ ਕਰਨ ਵਾਲੇ ਨਿਰੰਕਾਰ ਨਾਲ ਪ੍ਰੇਮ ਰਿਸ਼ਤੇ ਵਿਚ ਹੀ ਆਪਣੀ ਵਿਸ਼ੇਸ਼ਤਾ ਬਣਾਉਂਦਾ ਹੈ ਅਤੇ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ । ਉਸ ਦਾ ਸ੍ਵੈ ਪ੍ਰਗਟਾਉ ਅਗਿਆਨ ਕਾਰਣ ਕਦੇ ਕਦੇ ਨਿਰੋਲ ਬਿਰਹਾ ਵਿਚ ਹੁੰਦਾ ਹੈ ਅਤੇ ਕਦੇ ਮਿਲਨ ਦੀ ਮੂਰਤ ਖੁਸ਼ੀ ਵਿਚ । ਨਿਰੰਕਾਰ ਨਾਲ ਇਸ ਪ੍ਰੇਮ ਰਿਸ਼ਤੇ ਨੂੰ ਪ੍ਰਗਟਾਉਣ ਲਈ ਗੁਰੂ ਸਾਹਿਬਾਨ ਨੇ ਦੁਲਹਨ ਦਾ ਰੂਪਕ ਵੀ ਸਿਰਜਿਆ ਹੈ ।'

ਪਰੰਤੂ ਇਸ ਨੂੰ ਸੰਸਾਰਿਕ ਰਿਸ਼ਤੇ ਵਜੋਂ ਨਹੀਂ ਸਗੋਂ ਅਬਿਨਸਣਹਾਰ ਰਿਸ਼ਤਾ ਬਣਾਉਣ ਲਈ ਸਦੀਵਤਾ ਦੇ ਸੰਕਲਪ ਨਾਲ ਜੋੜਿਆ ਗਿਆ ਹੈ ਕਿ 'ਅਕਾਲ ਮੂਰਤਿ ਵਰ ਪਾਇਆ ਅਬਨਾਸੀ ਨਾ ਕਦੈ ਮਰੈ ਨਾ ਜਾਇਆ.....। ਗੁਰੂ ਸਾਹਿਬ ਨੇ ਇਸ ਪਰਮ ਪਦ ਨੂੰ ਨਾਮ ਵਜੋਂ ਪਰਿਭਾਸ਼ਿਤ ਕੀਤਾ, ਜੋ ਪਰਮਾਤਮਾ ਦਾ ਸਮੁੱਚਾ ਅਭਿਵਿਅੰਜਕ ਹੈ, ਉਸ ਦੇ ਹੋਂਦਮੂਲਕ ਰਿਸ਼ਤੇ ਦਾ ਬੋਧ ਕਰਵਾਉਂਦਾ ਹੈ । ਯਥਾ ਕਥਨ ਹੈ :

''ਜਹ ਮਾਤ ਪਿਤਾ ਸੁਤ ਮੀਤ ਨ ਭਾਈ
ਮਨ ਊਹਾ ਨਾਮੁ ਤੇਰੈ ਸੰਗਿ ਸਹਾਈ ।''
(ਪੰਨਾ ੨੬੪)

ਇਸ ਅਵਸਥਾ ਦੀ ਪਹੁੰਚ ਵਿਧੀ ਗੁਰੂ ਸ਼ਰਣ ਅਤੇ ਨਾਮ ਸਿਮਰਨ ਹੀ ਸਵੀਕਾਰੀ ਗਈ ਹੈ ਜਿਸ ਵਿਚ ਪੂਰੇ ਜੀਵਨ ਰਹੱਸ ਦਾ ਸਾਰ ਹੈ । ਗੁਰੂ ਪਾਤਸ਼ਾਹ ਫੁਰਮਾਉਂਦੇ ਹਨ :

''ਹਰਿ ਕਾ ਨਾਮ ਰਿਦੈ ਨਿਤ ਧਿਆਂਈ
ਸੰਗੀ ਸਾਥੀ ਸਗਲ ਤਰਾਂਈ ।।੧।।
ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ।।
ਸਿਮਰਿ ਸਿਮਰਿ ਤਿਸੁ ਸਦਾ
ਸਮਾਲੇ ।।੧।।ਰਹਾਉ।।
ਤੇਰਾ ਕੀਆ ਮੀਠਾ ਲਾਗੈ ।।
ਹਰਿ ਨਾਮੁ ਪਦਾਰਥੁ
ਨਾਨਕੁ ਮਾਂਗੈ ।।੨।।੪੨।।੯੩।।''

ਇਸ ਪ੍ਰਕਾਰ ਇਥੇ ਗੁਰੂ ਨੂੰ ਮੇਲਣਹਾਰ, ਤਾਰਨਹਾਰ, ਮੁਕਤੀਦਾਤਾ, ਔਗੁਣ ਨਾਸ਼ਕ, ਸ਼ਰਧਾ ਪੂਰਕ, ਸਮਰੱਥ, ਸਤਿ ਪੁਰਖ ਨੂੰ ਜਣਨ ਵਾਲਾ, ਨਾਮ ਵਿਚ ਲੀਨ ਅਤੇ ਵਿਚੋਲੇ ਦੇ ਤੌਰ ਤੇ ਦਰਸਾਇਆ ਗਿਆ ਹੈ । ਜਿਸ ਤਰ੍ਹਾਂ ਕਿਸੇ ਰਾਜੇ ਮਹਾਰਾਜੇ ਦੇ ਦਰਬਾਰ ਤੱਕ ਪਹੁੰਚ ਪ੍ਰਾਪਤ ਕਰਨ ਲਈ ਵਿਚੋਲੇ ਦੀ ਮਦਦ ਲੈਣੀ ਪੈਂਦੀ ਹੈ ਇਸੇ ਤਰ੍ਹਾਂ ਪਰਮਾਤਮਾ ਦੇ ਨਾਲ ਦੀ ਪ੍ਰਾਪਤੀ ਲਈ ਜੀਵ ਨੈਂ ਗੁਰੂ ਦੀ ਲੋੜ ਪੈਂਦੀ ਹੈ । ਰਾਮਕਲੀ ਦੀ ਵਾਰ ਵਿਚ ਦਰਜ ਹੈ । 'ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜਹਿ ਮਿਲਿ ਕੰਤੁ ਪਛਾਣਾ ।।' ਪ੍ਰੋ. ਸਾਹਿਬ ਸਿੰਘ ਇਸ ਸਲੋਕ ਦੀ ਟਿਕਾਕਾਰੀ ਕਰਦੇ ਹੋਏ ਲਿਖਦੇ ਹਨ ਕਿ '(ਹੇ ਭਾਈ ! ਮੇਰਾ) ਗੁਰੂ ਸਦਾ ਮੇਰੇ ਨਾਲ ਵੱਸਦਾ ਹੈ, ਮੇਰੇ ਅੰਗ ਸੰਗ ਰਹਿੰਦਾ ਹੈ (ਗੁਰੂ ਦੀ ਕਿਰਪਾ ਨਾਲ) ਮੈ ਉਸ (ਪਰਮਾਤਮਾ) ਨੂੰ ਸਦਾ ਸਿਮਰ ਕੇ ਸਦਾ ਆਪਣੇ ਹਿਰਦੇ ਵਿਚ ਵਸਾਈ ਰੱਖਦਾ ਹੈ ।'

ਅਸਲ ਵਿਚ ਮਨੁੱਖੀ ਚੇਤਨਾ ਇਕ ਰਹੱਸਭਰਪੂਰ ਸੱਚਾਈ ਹੈ । ਵਿਚਾਰ ਸੰਸਕ੍ਰਿਤੀ ਦੇ ਪ੍ਰਵਾਹ ਨੂੰ ਵਾਚਦਿਆਂ ਪਤਾ ਲਗਦਾ ਹੈ ਕਿ ਸਾਡੇ ਸਮੂਹਿਕ ਅਵਚੇਤਨ ਵਿਚ ਪਰਮਾਤਮਾ ਹੋਂਦ ਦਾ ਕੋਈ ਨਾ ਕੋਈ ਨਕਸ਼ ਬਿੰਬ ਅਕਸਰ ਜਿਗਿਆਸਾਵਤ ਵਿਸ਼ਵਾਸ ਦੇ ਤੌਰ ਤੇ ਹਾਜ਼ਰ ਹੁੰਦਾ ਹੈ । ਡਾ. ਦੀਵਾਨ ਸਿੰਘ ਲਿਖਦੇ ਹਨ: **Mysticism is the surest and greatest source of personal rappot between man and The Eternal Being.**

ਇਸ ਮਨੁੱਖੀ ਪ੍ਰਵਿਰਤੀ ਨੂੰ ਸਾਹਮਣੇ ਰੱਖਦਿਆਂ ਹੋਇਆਂ ਗੁਰੂ ਸਾਹਿਬਾਨ ਨੇ ਗੁਰੂ ਦੇ ਮੂਲ ਮੰਤਰ ਵਿਚ ਇੱਕ ਸਿਧਾਂਤਕ ਮਾਡਲ ਪੇਸ਼ ਕੀਤਾ । ਜਿਸ ਵਿਚ ਪਰਮਾਤਮਾ ਦੇ ਸੱਚੇ ਨਾਮ ਦੀ ਹੋਂਦ ਦਾ ਪ੍ਰਗਟਾਵਾ, ਮਨੁੱਖੀ ਹੋਣੀ ਦੀ ਸੱਚਾਈ, ਮਨੁੱਖ ਲਈ ਪਰਮਾਤਮਾ ਦੀ ਨੇੜਤਾ ਦਾ ਸਾਧਨ ਗੁਰੂ ਨੂੰ ਜਤਾਉਣਾ, ਸਮੁੱਚੇ ਰੂਪ ਵਿਚ ਸਿੱਖ ਵਿਸ਼ਵਾਸ ਦਾ ਲਖਾਇਕ ਹੈ । ਜੋ ਸਦੀਵੀਂ ਸੱਚੋਂ ਵਿਚਾਰਨ ਵਾਲਾ ਹੈ ਅਤੇ ਮਨੁੱਖ ਦੀ ਨਿਮਾਣੀ ਹਸਤੀ ਨੂੰ ਸਚਿਆਰ ਪਦ ਪ੍ਰਾਪਤ ਕਰਨ ਲਈ ਗੁਰੂ ਦੀ ਸ਼ਰਨ

ਵਿਚ ਜਾਣ ਲਈ ਪ੍ਰੇਰਦਾ ਹੈ । ਗੁਰੂ ਦੇ ਅੰਗ ਸੰਗ ਸਹਾਈ ਹੋਣ ਦਾ ਵਿਸਮਾਦ ਅਨੁਭਵ ਹੀ ਮਨੁੱਖ ਨੂੰ ਸਚਖੰਡ ਨਿਵਾਸੀ ਹੋਣ ਦਾ ਸੁਭਾਗ ਦਿੰਦਾ ਹੈ । ਇਸ ਅਵਸਥਾ ਵਿਚ ਨਾਮ ਰੂਪੀ ਅਕਾਲ ਦੀ ਅਰਾਧਨਾ ਮਨੁੱਖੀ ਸਿਮਰਨ ਅਤੇ ਧਿਆਨ ਵਿਚ ਸਦੀਵਤਾ ਦਾ ਅਨੁਭਵ ਪ੍ਰਦਾਨ ਕਰਦੀ ਹੈ ਅਤੇ ਉਹ ਹੋਰ ਪਦਾਰਥਾਂ ਦੀ ਕਾਮਨਾ ਛਡ ਅਡੋਲ ਅਤੇ ਨਿਰਭਉ ਬਣ ਜਾਂਦਾ ਹੈ ਜੋ ਕਿ ਮਨੁੱਖਤਾ ਅਤੇ ਸਾਂਝੀਵਾਲਤਾ ਦੇ ਉਪਦੇਸ਼ ਵਜੋਂ ਦੁਨਿਆਵੀ ਵਿਹਾਰ ਵਿਚ ਵੱਟਦਾ ਹੈ । ਡਾ. ਵਜ਼ੀਰ ਸਿੰਘ ਦੇ ਮਤ ਅਨੁਸਾਰ 'ਧਰਮ ਗ੍ਰੰਥ ਨਾ ਕੇਵਲ ਮਨੁੱਖ ਨੂੰ ਅਧਿਆਤਮਕ ਸੇਧ ਦਿੰਦੇ ਹਨ ਅਤੇ ਰਹੱਸਮਈ ਅਨੁਭਵ ਦੀ ਪ੍ਰਾਪਤੀ ਦਾ ਮਾਰਗ ਉਲੀਕਦੇ ਹਨ, ਉਹ ਵਿਅਕਤੀ ਨੂੰ ਜੀਵਨ ਜਾਚ ਦੀ ਰਾਹਬਰੀ ਵੀ ਦਿੰਦੇ ਹਨ ਜਿਸ ਵਿਚ......ਸਮਾਜ ਪ੍ਰਤੀ ਸੁਖਾਵਾਂ ਰਵਈਆ ਅਪਣਾਉਣ ਦੀ ਨਸੀਹਤ ਸ਼ਾਮਲ ਹੁੰਦੀ ਹੈ । ਨਿਰਸੰਦੇਹ ਧਰਮ ਸ਼ਾਸਤਰ ਇੱਕ ਅਜਿਹਾ ਗਿਆਨ ਅਨੁਸ਼ਾਸਨ ਹੁੰਦਾ ਹੈ ਜਿਸਦਾ ਵਿਕਾਸ ਧਾਰਮਿਕ ਵਰਤਾਰੇ ਅਤੇ ਵਿਹਾਰ ਨੂੰ ਵਿਵੇਕਪੂਰਨ ਢੰਗ ਨਾਲ ਸਮਝਾਉਣ ਦੇ ਸਿੱਟੇ ਵਜੋਂ ਹੋਇਆ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪ੍ਰਾਸੰਗਿਕਤਾ ਵੀ ਇੰਝ ਹੀ ਘੜੀ ਗਈ ਹੈ । ਇਹ ਵੀ ਪਾਰਗਾਮੀ ਅਤੇ ਪਰਾਭੌਤਿਕ ਸੰਸਾਰ ਅਤੇ ਸ੍ਰਿਸ਼ਟੀ ਦੀ ਸਿਰਜਣਾ ਵਿਚ ਦੈਵੀ ਸੱਤਾ ਦਾ ਵਿਸ਼ਲੇਸ਼ਣ ਪ੍ਰਸਤੁਤ ਕਰਦਾ ਹੋਇਆ ਸਮਾਜਿਕ ਵਿਹਾਰ ਅਤੇ ਨੈਤਿਕਤਾ ਦਾ ਵਿਧਾਨ ਸਿਰਜਦਾ ਹੈ । ਇਸ ਸਿਧਾਂਤਕ ਮਾਡਲ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਇਕ ਸਤਰ ਵੀ ਨਹੀਂ ਸਮਝੀ ਜਾ ਸਕਦੀ । ਇਸ ਵਿਚ ਪੂਰੀ ਧਿਆਨ ਅਤੇ ਗਿਆਨ ਪ੍ਰਕ੍ਰਿਆ (Process of meditation) ਛੁਪੀ ਹੋਈ ਹੈ, ਜੋ ਮਨੁੱਖ ਦੀ ਹੋਣੀ ਨੂੰ ਸੇਧ ਦਿੰਦੀ ਹੈ । ਇਸੇ ਲਈ 'ਹੁਕਮ' ਵਜੋਂ ਇਸ ਨੂੰ ਮਿੱਠਾ ਭਾਣਾ ਮੰਨਣ ਲਈ ਦ੍ਰਿੜਾਇਆ ਗਿਆ ਹੈ ਅਤੇ ਹਰ ਸਿੱਖ ਦੀ ਨਿੱਤ ਅਰਦਾਸ ਵਿਚ ਇਸ ਸਹਾਈ ਹੋਣ ਦਾ ਜ਼ਿਕਰ ਮਿਲਦਾ ਹੈ । ਇਸ ਤਰ੍ਹਾਂ ਗੁਰੂ ਸਾਹਿਬ ਨੇ ਬ੍ਰਹਮਮੂਲਕ ਅਧਿਆਮਕਤਾ ਨੂੰ ਸਮਾਜਮੂਲਕ ਸਾਰਥਕਤਾ ਚੇਤੰਨ ਹੋ ਕੇ ਜੋੜਨ ਦੀ ਕੋਸ਼ਿਸ਼ ਕੀਤੀ ਹੈ । ਵੇਖਣਾ ਇਹ ਹੈ ਕਿ ਇਹ ਸਿੱਖ ਵਿਸ਼ਵਾਸ 'ਗੁਰੁ ਮੇਰੈ ਸੰਗ ਸਦਾ ਹੈ ਨਾਲੇ', ਮਨੁੱਖੀ ਯੁਗਾਂਤਰੀ ਸਮਾਜਿਕ ਯਥਾਰਥ ਨੂੰ ਕਿਵੇਂ ਲੈਂਦਾ ਹੈ ?

ਮਨੁੱਖੀ ਸਮਾਜਿਕ ਯਥਾਰਥ ਨੂੰ ਵਾਚਿਆ ਜਾਵੇ ਤਾਂ ਇਸ ਵਿਚ ਯੁੱਗ ਤਬਦੀਲੀ ਸਭਿਆਚਾਰਕ ਸ਼ਰਤ ਹੈ । ਮਨੁੱਖ ਆਪਣੇ ਚੌਗਿਰਦੇ ਦੀਆਂ ਤਬਦੀਲੀਆਂ ਤੋਂ ਪ੍ਰਭਾਵਿਤ ਹੁੰਦਾ ਹੈ, ਫਿਰ ਭਾਵੇਂ ਉਹ ਇਤਿਹਾਸਕ, ਸਮਾਜਿਕ, ਆਰਥਿਕ ਅਤੇ ਧਾਰਮਿਕ, ਰਾਜਨੀਤਿਕ, ਕੌਮਾਂਤਰੀ ਹੋਣ ਜਾਂ ਫਿਰ ਭੂਗੋਲਿਕ ਵੀ ਹੋ ਸਕਦੀਆਂ ਹਨ । ਇਹ ਸਭ ਕੁਝ ਮਨੁੱਖੀ ਚੇਤਨ ਵਿਚ ਸਭਿਆਚਾਰਕ ਪਰਿਵਰਤਨ ਦਰਜ ਕਰਦਾ ਹੈ, ਜਿਸ ਨਾਲ ਉਸ ਦੀਆਂ ਵਿਚਾਰ ਅਤੇ ਵਿਹਾਰ ਯੁਕਤ ਪ੍ਰਗਟਾਵੇ ਦੀਆਂ ਸੂਝਵਾਨ ਰੁਚੀਆਂ ਅਤੇ ਬੌਧਿਕਤਾ ਦਾ ਨੈਤਿਕ ਪੱਧਰ ਨਿਸ਼ਚਿਤ ਕੀਤਾ ਜਾ ਸਕਦਾ ਹੈ । ਕਿਹਾ ਜਾ ਸਕਦਾ ਹੈ ਕਿ ਇਹ ਮਨੁੱਖੀ ਆਤਮਿਕਤਾ ਦੀ ਅਨਿਵਾਰਤਾ ਵੀ ਹੈ ਉਸ ਦੀ ਮਾਨਸਿਕ ਲੋੜ ਵੀ ਹੈ ਅਤੇ ਸ਼ਾਇਦ ਮਨੁੱਖੀ ਵਿਕਾਸ ਪ੍ਰਕ੍ਰਿਆ ਦੀ ਸੁਭਾਵਿਕਤਾ ਵੀ । ਮਨੁੱਖ ਤੋਂ ਬਿਨਾਂ ਬਾਕੀ ਸਾਰੇ ਜੀਵ ਆਪਣੇ ਆਪ ਨੂੰ ਚੌਗਿਰਦੇ ਦੀਆਂ ਤਬਦੀਲੀਆਂ ਅਨੁਸਾਰ ਢਾਲਣ ਲਈ ਜਨੈਟਿਕ ਵਿਕਾਸ

ਪ੍ਰਕ੍ਰਿਆ ਦਾ ਸਹਾਰਾ ਲੈਂਦੇ ਹਨ ਜਿਵੇਂ ਠੰਡੇ ਸਥਾਨਾਂ ਦੇ ਜੀਵਾਂ ਦੇ ਸਰੀਰ ਉਪਰ ਜਿਨ੍ਹਾਂ ਕਾਰਣ ਸੰਘਣੀ ਜਤ ਪੈਦਾ ਹੋ ਜਾਂਦੀ ਹੈ । ਪਰੰਤੂ ਮਨੁੱਖ ਦੀ ਇਹ ਲੋੜ ਬੌਧਿਕਤਾ ਪੂਰੀ ਕਰਦੀ ਹੈ ਕਿ ਕਿਸੇ ਵੀ ਕਾਲਿਕ ਅਤੇ ਪਰਿਵਰਤਨ ਸ਼ੀਲ ਪਰਸਥਿਤੀ ਵਿਚ ਸਾਧਨ ਖੋਜ ਕਿਸ ਤਰ੍ਹਾਂ ਕਰਨੀ ਹੈ । ਬਸ ਉਸ ਦੀ ਪ੍ਰਬਲ ਸੂਝਵਾਨਤਾ ਦੀ ਖੁਰਾਕ ਧਿਆਨ ਅਧਿਆਤਮਕਤਾ ਅਤੇ ਸੁਚੇਤਨਾ ਉਸ ਨੂੰ ਲੋੜੀਂਦੀ ਹੈ, ਜੋ ਉਸ ਨੂੰ ਮਾਨਸਿਕ ਸੰਤੁਲਨ ਦੀ ਸਮਰਥਾ ਬਖਸ਼ਦਾ ਹੈ । ਅਮਰਜੀਤ ਸਿੰਘ ਗਰੇਵਾਲ ਇਸ ਤੱਥ ਨੂੰ ਸਪਸ਼ਟ ਤੌਰ ਤੇ ਬਿਆਨ ਕਰ ਰਹੇ ਹਨ ਕਿ ਪਦਾਰਥਕ ਸੰਸਾਰ ਹਮੇਸ਼ਾ ਅਸੰਤੁਲਨ ਦਰਸਾਉਂਦਾ ਹੈ ਜਦੋਂ ਕਿ ਸਦੀਵੀਂ ਸੱਚ ਦੀ ਨੇੜਤਾ ਸੰਤੁਲਨ ਪ੍ਰਦਾਨ ਕਰਦੀ ਹੈ, ਉਹਨਾਂ ਅਨੁਸਾਰ :

ਜਿਹੜੇ ਸਭਿਆਚਾਰਕ ਢਾਂਚੇ, ਰੂਪ ਜਾਂ ਕੌਮੀਅਤਾਂ ਦਿਖਾਈ ਦਿੰਦੀਆਂ ਹਨ, ਉਹ ਕਿਸੇ ਸੰਤੁਲਨ ਅਵਸਥਾ ਦੀ ਸਥਾਈ ਅਤੇ ਸਦੀਵੀ ਦੇਣ ਨਹੀਂ ਹੁੰਦੀਆਂ , ਸਗੋਂ ਸਭਿਆਚਾਰ ਦੇ ਗਤੀਸ਼ੀਲ ਵਹਾ ਵਿਚੋਂ ਪੈਦਾ ਹੋਈਆਂ ਆਰਜ਼ੀ ਅਤੇ ਗੈਰ ਸੰਤੁਲਨ ਰਚਨਾਵਾਂ ਹੀ ਹੁੰਦੀਆਂ ਹਨ । ਸੰਤੁਲਨ ਵਿਚ ਤਾਂ ਕੇਵਲ ਉਹ ਆਈਸੋਲੇਟਿਡ ਸਮੁੱਚਤਾ ਹੀ ਪਹੁੰਚ ਸਕਦੀ ਹੈ, ਜਿਸਦਾ ਕੋਈ ਚੌਗਿਰਦਾ ਹੀਂ, ਸਭ ਕੁਝ ਜਿਸਦੇ ਅੰਦਰ ਹੀ ਮੌਜੂਦ ਹੈ ।'

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਆਪਣੇ ਆਪ ਵਿਚ ਇੱਕ ਇਤਿਹਾਸਕ, ਸਮਾਜਿਕ, ਧਾਰਮਿਕ, ਸਭਿਆਚਾਰਕ ਨਵੀਨ ਚੇਤਨਾ ਦਾ ਵੇਰਵਾ ਹੈ ਪਰੰਤੂ ਨਾਲ ਹੀ ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿਰਫ ਮਨੁੱਖੀ ਕਦਰਾਂ ਕੀਮਤਾਂ ਅਤੇ ਸਾਮਾਜਿਕ ਮੁਲਾਂ ਦਾ ਸੰਗ੍ਰਹਿ ਹੀ ਨਹੀਂ ਸਗੋਂ ਇਸ ਵਿਚ ਮਨੁੱਖੀ ਰਹੱਸ ਅਤੇ ਸਮਾਜਿਕ ਤਬਦੀਲੀ ਨੂੰ ਸਮਝਣ ਦੀ ਵਿਧੀ ਵੀ ਮੌਜੂਦ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਮਾਜਿਕ ਤਬਦੀਲੀ ਦਾ ਗਤੀਸ਼ੀਲ ਮਾਡਲ ਪ੍ਰਸਤੁਤ ਕਰਦਾ ਹੈ । ਇਸ ਵਿਚੋਂ ਮਨੁੱਖੀ ਸੋਝੀ ਦੇ ਵਿਕਾਸ ਦੀ ਅੰਤਰ ਦ੍ਰਿਸ਼ਟੀ ਉਭਰ ਕੇ ਸਾਹਮਣੇ ਆਉਂਦੀ ਹੈ, ਜਿਸ ਨੂੰ ਅਸੀਂ ਸਵੈ-ਚੇਤਨ ਕਹਿ ਸਕਦੇ ਹਾਂ । ਇਹ ਸਵੈ-ਚੇਤਨ ਗੁਰੂ ਮਾਰਗ ਤੇ ਚਲਣਾ ਸਿਖਾਉਂਦੀ ਹੈ, ਯੁਗ ਅਨੁਕੂਲ ਪ੍ਰਦਾਨ ਕਰਦਾ ਹੈ ਅਤੇ ਮਨੁੱਖ ਨੂੰ ਸਦੀਵਤਾ ਦੇ ਸੰਗ ਨਾਲ ਜੋੜਦਾ ਹੈ ।

ਮਨੁੱਖੀ ਯੁੱਗ ਤਬਦੀਲੀ ਨੂੰ ਸਮਾਜਿਕ ਯਥਾਰਥਕਤਾ ਦੇ ਸੰਦਰਭ ਵਿਚ ਵੇਖਣਾ ਹੋਵੇ ਤਾਂ ਅਜੇਕਾ ਯੁਗ ਵੀ ਇਸ ਦੀ ਗਵਾਹੀ ਭਰ ਰਿਹਾ ਹੈ । ਜਿਸ ਵਿਚ ਅਸੀਂ ਇੰਨਫਰਮੇਸ਼ਨ ਸੋਸ਼ਾਇਟੀ ਦੀ ਸਿਖ ਲਈ ਬੈਠੇ ਹਾਂ । ਨਿਊਕਲੀ ਸ਼ਕਤੀ ਦਾ ਵਿਧਾਨ, ਨੈਨੋਤਕਨਾਲਾਜੀ ਦਾ ਗੈਰ ਜਿੰਮੇਵਾਰ ਪ੍ਰਯੋਗ ਸਾਨੂੰ ਤਕਨੀਕ ਦੇ ਵਿਨਾਸ਼ਕਾਰੀ ਭਵਿੱਖ ਤਕ ਲਿਜਾ ਸਕਦਾ ਹੈ। ਪਿਛਲੇ ਹਜ਼ਾਰਾਂ ਸਾਲਾਂ ਦੀ ਸੋਚ ਸ਼ਕਤੀ ਅੱਜ ਕੁਦਰਤ ਨੂੰ ਵਸ ਕਰਣ ਦੀ ਵਿਗਿਆਨਕ ਸੋਚ ਵਿਚ ਵਟ ਗਈ ਹੈ, ਜੋ ਸਵੈ ਚਾਲਕ ਮਸ਼ੀਨਾਂ ਤੇ ਨਿਰਭਰ ਹੈ ਨਾ ਕਿ ਮਨੁੱਖੀ ਕਲਿਆਣਕਾਰੀ ਚੇਤਨਾ ਤੇ । ਮਕੈਨਕੀ ਵਿਚਾਰ ਬਨਸਪਤੀ ਅਤੇ ਜੀਵਾਂ ਉਪਰ ਲਾਗੂ ਕਰਕੇ ਅੱਜ ਦਾ ਮਹਾਂਮਾਨਵ ਬ੍ਰਹਿਮੰਡੀ ਗਿਆਨ ਨੂੰ ਵੀ ਵਿਗਿਆਨ ਵਿਧੀ ਨਾਲ ਸਰ ਕਰਨਾ ਚਾਹੁੰਦਾ ਹੈ । ਅੱਜ ਦਾ ਵਿਚਾਰ ਪ੍ਰਵਾਹ ਮਨੁੱਖੀ ਜਿੰਦਗੀ ਅਤੇ ਸਮਾਜ ਨੂੰ ਸਿਰਫ ਮਸ਼ੀਨੀ ਬਣਤਰਾਂ ਵਿਚ ਢਾਲਣ ਅਤੇ ਪ੍ਰਤਿਯੋਗ

(Competition) ਵਿਚ ਵਿਸ਼ਵਾਸ ਲਈ ਪ੍ਰੇਰਿਤ ਕਰਦਾ ਹੈ ।

ਇਹ ਸਾਰੀ ਦੌੜ ਚਾਰ ਤਰ੍ਹਾਂ ਦੀ ਤਕਨੀਕ ਨੂੰ ਵਿਕਸਿਤ ਕਰ ਰਹੀ ਹੈ । ਉਤਪਾਦਨ ਤਕਨੀਕ, ਜੋ ਮਨੁੱਖੀ ਸਮਰਥਾ ਨੂੰ ਵਧਾਕੇ ਸਿਰਫ ਵਪਾਰਕ ਵਿਕਾਸ ਨਿਸ਼ਚਿਤ ਕਰਨਾ ਚਾਹੁੰਦੀ ਹੈ, ਪ੍ਰਜਣਨ ਤਕਨੀਕ, ਜੋ ਮਨੁੱਖੀ ਨਸਲ ਦੀ ਸਰੀਰਕ ਅਤੇ ਮਾਨਸਿਕ, ਮਨਚਾਹੀ ਸਮਾਜਿਕ ਖੁਸ਼ਹਾਲੀ ਮਿਥਦੀ ਹੈ । ਭਾਵਨਾ ਰਹਿਤ ਕਲੋਨ ਮਨੁੱਖ ਬਣਾਉਣਾ ਇਸ ਦਾ ਸ਼ੌਕ ਹੈ । ਤੀਸਰਾ ਸੰਚਾਰ ਤਕਨੀਕ ਜੋ ਮਸ਼ੀਨ ਸਹਾਇਤਾ ਨਾਲ ਮਨੁੱਖ ਵਿਚ ਗੈਰ ਰਵਾਇਤੀ ਸ਼ਕਤੀਆਂ ਨੂੰ ਜਗਾ ਕਿ ਸਾਹਿਤ, ਕਲਾ, ਚਿੰਤਨ ਤੇ ਫਲਸਫੇ ਵਿਚ ਨਵੇਂ ਦਿਸਹੱਦੇ ਕਾਇਮ ਕਰਨਾ ਚਾਹੁੰਦੀ ਹੈ । ਸਾਰੀ ਕਲਾ ਅੱਜ ਕੰਪਿਊਟਰ ਅਤੇ ਇਲੈਕਟ੍ਰੋਨਿਕ ਉਪਕਰਣਾਂ ਦੀ ਮੁਹਤਾਜ ਹੈ । ਚੌਥੀ ਮਨੁੱਖੀ ਵਿਨਾਸ਼ ਦੀ ਤਕਨੀਕ, ਜੋ ਸਾਧਾਰਨ ਛੁਰੀ ਤੋਂ ਲੈ ਕੇ ਪ੍ਰਮਾਣੂ ਹਥਿਆਰਾਂ ਦੀ ਦੌੜ ਵਿਚ ਹੈ । ਇਸ ਦਾ ਮੰਤਵ ਮਨੁੱਖ ਦੁਆਰਾ ਮਨੁੱਖ ਅਤੇ ਕੁਦਰਤ ਦਾ ਸ਼ੋਸ਼ਣ, ਲੁੱਟਮਾਰ, ਕੰਟਰੋਲ ਤੇ ਦਬਦਬਾ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੱਜ ਦੇ ਮਹਾਂ ਮਾਨਵ ਦੇ ਸਭਿਆਚਾਰਕ ਪੱਖ ਪ੍ਰਦਰਸ਼ਨ ਲਈ ਵੀ ਸਿਧਾਂਤ ਦਰਜ ਹਨ, ਜੋ ਮਨੁੱਖ ਨੂੰ ਮਨੁੱਖਵਾਦ ਦੀ ਸੋਝੀ ਪ੍ਰਦਾਨ ਕਰਦੇ ਹਨ । ਗੁਰੂ ਸਾਹਿਬ ਦੀ ਦੂਰ-ਅੰਦੇਸ਼ੀ ਸੀ ਕਿ ਉਹਨਾਂ ਪਹਿਲਾਂ ਹੀ ਮਨੁੱਖੀ ਵਿਨਾਸ਼ ਪ੍ਰਕ੍ਰਿਆ ਦੇ ਬਨਾਉਟੀਪਣ ਨੂੰ ਕਿਆਸ ਲਿਆ ਸੀ, ਉਹਨਾਂ ਇਸ ਦਾ ਕਾਰਨ ਇਨਸਾਨੀ ਭਉ ਅਤੇ ਡਰ ਨੂੰ ਮੰਨਿਆ, ਜੋ ਕਾਲ, ਕੁਦਰਤ ਅਤੇ ਵਿਨਾਸ਼ ਤੋਂ ਘਬਰਾਉਂਦਾ ਹੈ, ਇਸ ਲਈ ਉਸ ਦੀ ਤਰੱਕੀ ਵਿਚ ਇਸ ਤੋਂ ਬਚਣ ਦੇ ਰਸਤੇ ਅਵਸ਼ ਹੀ ਦਰਜ ਹੋਣਗੇ । ਇਹ ਸਾਰੀ ਤਕਨਾਲੋਜੀ ਵਿਨਾਸ਼ਕਾਰੀ ਵਿਕਾਸ ਵਲ ਵੱਧ ਰਹੀ ਹੈ, ਇਸ ਮਨੁੱਖ ਦੀ ਕੁਦਰਤੀ ਸੁਭਾਵਿਕਤਾ ਨੂੰ ਠੇਸ ਪਹੁੰਚਦੀ ਹੈ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤਾਂ ਵਿਚ ਸਿਰਫ ਉਹਨਾਂ ਵਿਗਿਆਨਕ ਵਿਚਾਰਾਂ ਨੂੰ ਅਧਾਰ ਬਣਾਇਆ ਗਿਆ ਹੈ,ਜੋ ਸਹੀ ਵਿਕਾਸ ਦਾ ਸਮਰਥਨ ਕਰਦੇ ਹਨ । ਆਧੁਨਿਕ ਵਿਗਿਆਨਕ ਯੁੱਗ ਵਿਚ ਮਨੁੱਖ ਦੀਆਂ ਸਭਿਆਚਾਰਕ ਵਿਭਿੰਨਤਾਵਾਂ ਦੇ ਪਰਿਵੇਸ਼ ਵਿਚ ਮਾਨਸਿਕ ਪਰਸਥਿਤੀਆਂ ਨੂੰ ਸੇਧ ਦੇਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਰਭਉਤਾ ਦਾ ਸੰਕਲਪ ਦਿੱਤਾ ਗਿਆ ਹੈ, ਜੋ ਕਿ ਗੁਰੂ ਦੇ ਸੰਗ ਕਾਰਨ ਸੰਭਵ ਤਾ ਗ੍ਰਹਿਣ ਕਰਦਾ ਹੈ । ਸ੍ਰੀ ਗੁਰੂ ਅਮਰਦਾਸ ਜੀ ਅਨੁਸਾਰ :

''ਹਰਿ ਹਰਿ ਨਾਮ ਬੋਹਿਥ ਹੈ
ਕਲਜੁਗਿ ਖੇਵਟੁ ਗੁਰ ਸ਼ਬਦਿ ।।''

ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਜਪੁਜੀ ਬਾਣੀ ਵਿਚ ਪੰਜ ਖੰਡਾਂ ਦਾ ਮਨੋਵਿਗਿਆਨ ਆਧੁਨਿਕ ਮਨੁੱਖ ਦੀ ਰਹਿਨੁਮਾਈ ਕਰਦਾ ਹੈ, ਉਥੇ ਨਾਲ ਹੀ ਗੁਰੂ ਵਿਚਾਰ ਅਨੁਸਾਰ ਪਦਾਰਥਵਾਦੀ ਦੌੜ ਵਿਚ ਗੁਆਚੇ ਮਨੁੱਖ ਦੀ ਅਸਲ ਪੂੰਜੀ ਨਾਮ ਪਦਾਰਥ ਹੀ ਸਿਧ ਹੋ ਸਕਦੀ ਹੈ । ਵਿਦਵਾਨ ਮੰਨਦੇ ਹਨ ਕਿ ਮਨੁੱਖ ਦੀਆਂ ਸ਼ੁਰੂ ਤੋਂ ਹੀ ਦੋ ਮਾਨਸਿਕ ਰਿਤੀਆਂ ਹਨ ਉਸਾਰੂ ਅਤੇ ਵਿਨਾਸ਼ਕਾਰੀ, ਸੂਝਵਾਨ ਅਤੇ ਗੈਰ ਜ਼ਿੰਮੇਵਾਰ। ਸੱਚਾ ਨਾਮ ਪਦਾਰਥ ਗੁਰੂ ਦੀ ਛੋਹ ਨਾਲ ਮਨੁੱਖ ਨੂੰ ਅਜਿਹਾ ਪਾਰਸ ਬਣਾ ਦਿੰਦਾ ਹੈ ਕਿ ਉਸ ਦੀ ਅੰਧਕਾਰਮਈ ਰੁਚੀ ਪ੍ਰਕਾਸ਼ਮਈ ਨਿਸ਼ਚੇ ਵਿਚ ਤਬਦੀਲ ਹੁੰਦੀ ਹੈ । ਜਦੋਂ ਤੱਕ ਮਨੁੱਖ ਸੰਸਾਰ ਵਿਚ ਕਾਇਮ ਹੈ, ਉਦੋਂ ਤੱਕ ਉਸ ਦੀਆਂ ਦੋਨੋਂ ਰੁਚੀਆਂ ਵੀ ਕਾਇਮ ਰਹਿਣਗੀਆਂ ਅਤੇ ਗੁਰੂ ਪ੍ਰੇਰਨਾ ਅਤੇ ਸੰਗ

ਦੀ ਲੋੜ ਵੀ ਹਮੇਸ਼ਾ ਰਹੇਗੀ ।

ਐਨ. ਮੁਥੂ ਮੋਹਨ ਨੇ ਆਪਣੇ ਇੱਕ ਖੋਜ ਪੱਤਰ ਵਿਚ ੧੯੯੫ ਵਿਚ ਪੇਸ਼ ਹੋਈ ਯੂਨੈਸਕੋ ਦੀ ਰਿਪੋਰਟ ਜਿਸ ਦਾ ਸਿਰਲੇਖ 'ਸਾਡੀ ਸਿਰਜਨਾਤਮਕ ਵਿਭਿੰਨਤਾ' ਹੈ ਦੇ ਹਵਾਲੇ ਨਾਲ ਦੱਸਿਆ ਕਿ ਸਭਿਆਚਾਰਕ ਵਿਭਿੰਨਤਾ ਧਰਮ ਸ਼ਾਸ਼ਤਰੀਆਂ, ਸਭਿਆਾਰ ਸ਼ਾਸ਼ਤਰੀਆਂ, ਮਾਨਵ ਵਿਗਿਆਨੀਆਂ ਅਤੇ ਦਰਸ਼ਨ ਸ਼ਾਸ਼ਤਰੀਆਂ ਨੂੰ ਮਜਬੂਰ ਕਰ ਰਹੀ ਹੈ ਕਿ ਉਹ ਪਰੰਪਰਾਗਤ ਗਿਆਨ ਵਲ ਝਾਤ ਮਾਰਕੇ, ਵਰਤਮਾਨ ਲਈ ਢੁਕਵੇਂ ਸਿਧਾਂਤਕ ਮਾਡਲ ਤਿਆਰ ਕਰਨ ਜੋ ਬਹੁ ਸਭਿਆਚਾਰਕ ਵਿਕਾਸ ਵਿਚ ਮਿਲਕੇ ਜੀਉਣ ਦੀ (ਸਾਂਝੀਵਾਲਤਾ) ਜਾਚ ਸਿਖਾਉਣ । ਇਸ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਵਿਚਾਰ ਪ੍ਰਗਟ ਕਰਦੇ ਉਹ ਲਿਖਦੇ ਹਨ ਕਿ :

**Sikh spirituality is not a type of religisity that is aimed at the abstract transcendental. It infuses into the diversity of temporal reality values such as justice, dynamism, self-dignity, resistence to colonization and ego-less-ness. Thus a concrete and fluid spiritual unity sensitive to the problems of existence is formulated as the fundamental methodological principle of Guru Granth Sahib Guruparsad - The Grace of God.**

ਸਭਿਆਚਾਰਕ ਵਿਭਿੰਨਤਾ ਦੇ ਚਲਦਿਆਂ, ਮਾਨਵੀ ਰਿਸ਼ਤਿਆਂ ਦੀ ਟੁੱਟ-ਭਜ ਨੂੰ, ਗੁਰਬਾਣੀ ਦੇ ਸਾਂਝੀਵਾਲਤਾ ਦੇ ਉਪਦੇਸ਼ ਨੇ ਮਨੁੱਖਵਾਦ ਦੀ ਸਿਖਰ ਤੱਕ ਪਹੁੰਚਾਇਆ। ਜਿਸ ਤਰ੍ਹਾਂ ਊਚ-ਨੀਚ, ਜਾਤ-ਵਰਣ, ਲਿੰਗ-ਭੇਦ ਨਿਰਾਧਾਰ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅਜਿਹੀ ਸਭਿਆਚਾਰਕ ਵਿਭਿੰਨਤਾ ਨੂੰ ਕੋਈ ਜਗ੍ਹਾ ਨਹੀਂ ਦਿੱਤੀ ਗਈ । ਡਾ. ਰਤਨ ਸਿੰਘ ਜੱਗੀ ਲਿਖਦੇ ਹਨ ਕਿ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੇਵਲ ਉਸ ਵਿਅਕਤੀ ਨੂੰ ਹੀ ਨੀਵੀ ਜਾਤਿ ਵਾਲਾ ਮੰਨਿਆ ਗਿਆ ਹੈ ਜੋ ਨਾਮ ਨੂੰ ਭੁੱਲਾ ਕੇ ਸੰਸਾਰਿਕ ਪ੍ਰਪੰਚ ਵਿਚ ਮਗਨ ਹੋ ਗਿਆ ਹੈ । ਗੁਰੂ ਸਾਹਿਬ ਨੇ ਸਮਾਜ ਅਤੇ ਧਰਮ ਦੇ ਖੇਤਰ ਵਿਚ ਇਕਰੂਪਤਾ ਜਾਂ ਸਮਦਰਸ਼ਤਾ ਵਾਲਾ ਦ੍ਰਿਸ਼ਟੀਕੋਣ ਆਪਣਾ ਕੇ ਇਕ ਨਵੇਂ ਨਰੋਏ ਧਰਮ ਅਧਾਰਿਤ ਸਮਾਜ ਨੂੰ ਜਨਮ ਦਿੱਤਾ ਜੋ ਸੱਚੇ ਅਰਥਾਂ ਵਿਚ ਮਨੁੱਖ ਸਮਾਜ ਕਿਹਾ ਜਾ ਸਕਦਾ ਹੈ । ਜਿਥੇ ਅਧੁਨਿਕ ਵਿਗਿਆਨਕ ਸੋਚ ਅਨੁਸਾਰ ਸੰਸਾਰ ਨਿਰੰਤਰ ਗਤੀਸ਼ੀਲ ਅੰਤਰ ਸਬੰਧਿਤ ਰਿਸ਼ਤਿਆਂ ਦਾ ਨੇਟਵਰਕ ਹੈ । ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਸੰਸਾਰ ਸ਼ਬਦ ਰਚਨਾ ਹੈ, ਜੋ ਅੰਤਰ ਸਬੰਧਿਤ ਰਿਸ਼ਤਿਆਂ ਰਾਹੀਂ ਸਮੇਂ ਸਥਾਨ ਦੀ ਸਿਰਜਣਾ ਕਰਦੀ ਹੈ । ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਧਾਂਤਕ ਮਾਡਲ ਅਜੋਕੇ ਮਨੁੱਖੀ ਸਭਿਆਚਾਰ ਨੂੰ ਨਵੀਂ ਸੋਚ ਪ੍ਰਦਾਨ ਕਰਦਾ ਹੈ ਅਤੇ ਨਾਲ ਹੀ ਵਿਸ਼ਵ ਪੱਧਰ ਤੇ ਪੈਦਾ ਹੋ ਰਹੀਆਂ ਤਬਦੀਲੀਆਂ ਨੂੰ ਵੀ ਅੰਤਰ ਦ੍ਰਿਸ਼ਟੀ ਦੇ ਰਿਹਾ ਹੈ । ਕਿਹਾ ਜਾ ਸਕਦਾ ਹੈ ਕਿ ਨਵੀਂ ਸਦੀ ਦੇ ਪ੍ਰਵੇਸ਼ ਦੁਆਰ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਹਾਈ ਦ੍ਰਿਸ਼ਟੀਕੋਣ ਮਨੁੱਖੀ ਸਮਾਜਿਕ ਯਥਾਰਥ ਨੂੰ ਇਕ ਬਿਬੇਕਪੂਰਨ ਟੇਕ ਦੇ ਰਿਹਾ ਹੈ । ਗੁਰਬਾਣੀ ਦਾ ਮਹਾਂਵਾਕ ਹੀ ਇਸ ਦੀ ਪੁਸ਼ਟੀ ਕਰ ਰਿਹਾ ਹੈ :

''ਗੁਰ ਕੀ ਮਹਿਮਾ ਕਿਆ ਕਹਾ
ਗੁਰੁ ਬਿਬੇਕ ਸਤਸਰੁ ॥
ਓਹ ਆਦਿ ਜੁਗਾਦੀ ਜੁਗਤ
